# ਨਾਮੁ ਨਿਧਾਨੁ

(ਨਾਮ ਦਾ ਸਦਾਚਾਰਕ ਪੱਖ)

ਡਾ: ਤਾਰਨ ਸਿੰਘ

ਐਮ.ਏ., ਪੀ-ਐਚ. ਡੀ.

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ. ਜਲੰਧਰ

ਸਭ ਹੱਕ ਲੇਖਕ ਦੇ ਰਾਖਵੇਂ ਹਨ

ਨਿਊ ਬੁੱਕ ਕੰਪਨੀ ਵਲੋਂ ਪ੍ਰਕਾਸ਼ਤ
ਡਾ: ਤਾਰਨ ਸਿੰਘ ਦੀਆਂ ਹੋਰ ਰਚਨਾਵਾਂ

- ਨੇਮ ਤੇ ਪ੍ਰੇਮ
- ਸਿੱਖ ਧਰਮ ਦੇ ਰਹਿਸ ਤੇ ਰਮਜ਼
- ਬਾਰਹਮਾਹਾ ਦਰਪਣ
- ਗੁਰੂ ਨਾਨਕ ਚਿੰਤਨ ਤੇ ਕਲਾ

ਪਹਿਲੀ ਵਾਰ : ੧੯੯੧
(ਨਿਊ ਬੁਕ ਕੰਪਨੀ ਵਲੋਂ)

NBC 50-00

ਪ੍ਰਕਾਸ਼ਕ : ਸ: ਮਹਿਤਾਬ ਸਿੰਘ,
ਨਿਊ ਬੁੱਕ ਕੰਪਨੀ,
ਮਾਈ ਹੀਰਾਂ ਗੇਟ, ਜਲਧਰ।
ਫ਼ੋਨ : 73650
ਛਾਪਕ : ਸੈਂਟੋ ਪ੍ਰਿੰਟਰਜ਼,
ਚਹਾਰ ਬਾਗ਼, ਜਲੰਧਰ।
ਰਾਹੀਂ : ਸੁਰਜੀਤ ਕੰਪੋਜ਼ਿੰਗ ਹਾਊਸ,
5, ਮਨਜੀਤ ਨਗਰ,
ਬਸਤੀ ਸ਼ੇਖ਼, ਜਲੰਧਰ।

ਸਮਰਪਣ

ਜਿਹਨਾਂ ਨਾਮ ਜਪਿਆ...

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥

(ਸੁਖਮਨੀ ੨੮੮)

# ਭੂਮਿਕਾ

੧.

ਕੇਦਾਰਾ ਮਹਲਾ ੫ ॥

ਹਰਿ ਬਿਨੁ ਕੋਇ ਨ ਚਾਲਸਿ ਸਾਥ ॥
ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਨਾਥ ॥ ਰਹਾਉ ॥
ਸੁਤ ਸੰਪਤਿ ਬਿਖਿਆ ਰਸ ਭੁੋਗਵਤ ਨਹ ਨਿਬਹਤ ਜਮਕੈ ਪਾਥ ॥
ਨਾਮ ਨਿਧਾਨੁ ਗਾਉ ਗੁਨ ਗੋਬਿਦ ਉਧਰੁ ਸਾਗਰ ਕੇ ਖਾਤ ॥੧॥
ਸਰਨਿ ਸਮਰਥ ਅਕਥ ਅਗੋਚਰ ਹਰਿ ਸਿਮਰਤ ਦੁਖ ਲਾਥ ॥
ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ ॥੨॥੬॥੮॥

'ਨਾਮ ਨਿਧਾਨੁ' ਜਾਂ 'ਨਾਮ ਦਾ ਖ਼ਜ਼ਾਨਾ' ਕੀ ਹੈ ? ਇਤਨੀ ਗੱਲ ਇਸ ਸ਼ਬਦ ਵਿਚੋਂ ਪਰਤੱਖ ਹੋ ਰਹੀ ਹੈ ਕਿ 'ਨਾਮ ਨਿਧਾਨੁ' ਜਾਂ 'ਨਾਮ ਦਾ ਖ਼ਜ਼ਾਨਾ' ਕੋਈ ਐਸੀ ਚੀਜ਼ ਹੈ ਜਿਹੜੀ ਹਰ ਸਮੇਂ ਤੇ ਹਰ ਥਾਂ ਮਨੁੱਖ ਦਾ ਸਾਥ ਨਿਭਾਉਂਦੀ ਹੈ। ਵਿਸ਼ੇਸ਼ ਕਰਕੇ ਉਨ੍ਹਾਂ ਥਾਵਾਂ ਅਤੇ ਸਮਿਆਂ ਤੇ ਜਦੋਂ ਰਸਤਾ 'ਜਮ ਕੈ ਪਾਥ' ਅਤੇ 'ਸਾਗਰ ਕੇ ਖਾਤ' ਵਾਲਾ ਹੋਵੇ। 'ਜਮ ਕੈ ਪਾਥ' ਅਤੇ 'ਸਾਗਰ ਕੇ ਖਾਤ' ਦੇ ਰਸਤੇ ਤੋਂ ਭਾਵ ਸਪਸ਼ਟ ਹੈ। ਜਮ ਦਾ ਪਾਥ ਉਥੇ ਹੈ ਜਿਥੇ ਜਮ ਦਾ ਜਾਲ ਪਸਰਿਆ ਹੋਇਆ ਹੋਵੇ। ਜਮ ਦਾ ਜਾਲ ਆਮ ਕਰਕੇ ਪੰਜ ਵਿਕਾਰਾਂ ਦੇ ਰੂਪ ਵਿਚ ਪਸਰਿਆ ਹੁੰਦਾ ਹੈ। ਜਿੱਥੇ ਮਨੁੱਖ ਨੇ ਕਾਮ ਦੇ ਗੜ੍ਹੇ ਵਿਚ ਡਿਗ ਪੈਣਾ ਹੈ ਉਹ ਜਮ ਦਾ ਮਾਰਗ ਹੈ; ਜਿੱਥੇ ਮਨੁੱਖ ਕ੍ਰੋਧ ਵਿਚ ਬੇ-ਵੱਸ ਹੋ ਕੇ ਬਾਹੀ-ਕਬਾਹੀ ਬੋਲਦਾ ਹੈ ਅਤੇ ਕੋਝੀਆਂ ਹਰਕਤਾਂ ਕਰਦਾ ਹੈ, ਨਿੰਦਿਆ ਚੁਗਲੀ ਅਤੇ ਈਰਖਾ ਦੇ ਅਧੀਨ ਹੁੰਦਾ ਹੈ ਉਥੇ ਜਮ ਦਾ ਫੰਧਾ ਹੈ। ਜਦੋਂ ਮਨੁੱਖ ਕਿਸੇ ਲਾਲਚ ਵਸ ਹੋ ਕੇ ਕੋਈ ਅਨਿਆਂ, ਬੇਸ਼ਰਮੀ ਜਾਂ ਧੱਕਾ ਕਰਦਾ ਹੈ ਉਥੇ ਜਮ ਦੇ ਜਾਲ ਵਿਚ ਫਸ ਰਿਹਾ ਹੈ। ਜਦੋਂ ਮਨੁੱਖ ਆਪਣੇ ਥੋੜ੍ਹੇ ਸੰਬੰਧੀਆਂ ਦੇ ਹਿਤਾਂ ਦੀ ਖ਼ਾਤਰ ਦੇਸ਼ ਦੇ ਸਮੂਹੀ ਹਿਤਾਂ ਨੂੰ ਕੁਰਬਾਨ ਕਰ ਲੈਂਦਾ ਹੈ ਜਾਂ ਪਰਮਾਤਮਾ ਵਲੋਂ ਦਿੱਤੀ ਸਾਰੀ ਸ਼ਕਤੀ ਨੂੰ ਕੇਵਲ ਆਪਣੇ ਖ਼ੁਦਗਰਜ਼ ਧੰਦਿਆਂ ਵਿਚ ਹੀ ਲਗਾ ਦੇਂਦਾ ਹੈ ਜਾਂ ਆਪਣਿਆਂ ਹਿਤਾਂ ਲਈ ਅਨਿਆਂ ਕਰਦਾ ਹੈ ਉਥੇ ਜਮ ਦਾ ਫੰਦਾ ਹੁੰਦਾ ਹੈ। ਹੰਕਾਰੀ ਮਨੁੱਖ ਵੀ ਇਸੇ ਤਰ੍ਹਾਂ ਅਨਿਆਂ ਤੇ ਧੱਕਾ ਕਰਦਾ ਹੈ। ਉਥੇ ਵੀ ਜਮ ਦਾ ਫੰਦਾ ਹੁੰਦਾ ਹੈ। ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਦੇ ਰੂਪਾਂ ਵਿਚ ਜਮ ਆਪਣਾ ਜਾਲ ਤਾਣਦਾ ਹੈ। ਇਨ੍ਹਾਂ ਪ੍ਰਵਿਰਤੀਆਂ ਦੇ ਵੱਸ ਹੋ ਕੇ ਮਨੁੱਖ ਕਰਤੱਵ ਕਰ ਲੈਂਦਾ ਹੈ ਅਤੇ ਉਸ ਨੂੰ ਪਤਾ ਵੀ ਨਹੀਂ ਲਗਦਾ। ਜਿਵੇਂ ਪੰਛੀਆਂ ਨੂੰ ਜਾਲ ਦਾ ਪਤਾ ਨਹੀਂ ਲਗਦਾ ਅਤੇ ਉਹ ਅਚਾਨਕ ਉਸ ਵਿਚ ਫਸ ਜਾਂਦੇ ਹਨ।

ਇਸ ਤਰ੍ਹਾਂ ਹੀ ਸੰਸਾਰ ਸਾਗਰ ਦਾ ਹਾਲ ਹੈ । ਇਸ ਵਿਚ ਅਨੇਕ ਥਾਵਾਂ ਤੇ ਪਾਣੀ ਵਿਚ ਲੁਕੀਆਂ ਪਹਾੜੀਆਂ ਹਨ ਜਾਂ ਟੋਏ ਹਨ । ਜ਼ਮੀਨ ਤੇ ਕਿਧਰੇ ਖਾਤ ਜਾਂ ਟੋਆ ਹੋਵੇ ਤਾਂ ਦਿੱਸ ਪੈਂਦਾ ਹੈ ਪਰ ਪਾਣੀ ਵਿਚ ਕਿਧਰੇ ਉੱਚੀ ਨੀਵੀਂ ਥਾਂ ਹੋਵੇ ਤਾਂ ਉਸ ਦਾ ਪਤਾ ਨਹੀਂ ਲਗਦਾ । ਮਨੁੱਖ ਅਚਾਨਕ ਤਿਲਕ ਕੇ ਟੋਏ ਵਿਚ ਜਾ ਪੈਂਦਾ ਹੈ ਅਤੇ ਉਸ ਦੀ ਸੰਭਾਲ ਕਰਨੀ ਔਖੀ ਹੋ ਜਾਂਦੀ ਹੈ । ਇਸ ਸੰਸਾਰ ਸਾਗਰ ਵਿਚ ਅਨੇਕਾਂ ਐਸੇ ਖਾਤ ਜਾਂ ਟੋਏ ਹਨ : ਇਹ ਟੋਏ ਵੀ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਦੇ ਹਨ ਜਿਨ੍ਹਾਂ ਵਿਚ ਅਵੇਸਲੇ-ਪਨ ਵਿਚ ਹੀ ਮਨੁੱਖ ਜਾ ਡਿਗਦੇ ਹਨ ।

ਸੋ ਇਸ ਸੰਸਾਰ ਵਿਚ ਅਨੇਕਾਂ ਸੜਕਾਂ ਹਨ ਜੋ 'ਜਮ ਕੈ ਪਾਥ' ਹਨ ਅਤੇ ਇਸ ਸੰਸਾਰ ਸਾਗਰ ਵਿਚ ਅਨੇਕ ਥਾਵਾਂ ਤੇ ਖਾਤ ਜਾਂ ਟੋਏ ਹਨ । ਮਨੁੱਖ ਨੂੰ ਇਹਨਾਂ ਫੰਧਿਆਂ ਦੀ ਅਤੇ ਇਹਨਾਂ ਟੋਇਆਂ ਦੀ ਸੂਝ ਨਹੀਂ ਹੁੰਦੀ ਪਰ ਉਹ ਇਸ ਵਿਚ ਫਸ ਜਾਂਦਾ ਹੈ । ਭਾਵ ਇਸ ਜੀਵਨ ਵਿਚ ਕੋਈ ਪਤਾ ਨਹੀਂ ਹੁੰਦਾ ਕਿ ਕਦੋਂ ਇਮਤਿਹਾਨ ਦੀ ਘੜੀ ਆ ਜਾਣੀ ਹੈ, ਕਦੋਂ ਅਜ਼ਮਾਇਸ਼ ਦਾ ਵਕਤ ਆ ਜਾਣਾ ਹੈ । ਕਿਸੇ ਵੇਲੇ ਮਨੁੱਖ ਦੇ ਸਾਹਮਣੇ ਪਰਚਾ ਕਾਮ ਦੇ ਰੂਪ ਵਿਚ ਆ ਜਾਂਦਾ ਹੈ ਕਿਸੇ ਵਕਤ ਲੋਭ ਤੇ ਹੰਕਾਰ ਦੇ ਰੂਪ ਵਿਚ । ਇਹਨਾਂ ਹਾਲਤਾਂ ਵਿਚ ਕੇਵਲ 'ਨਾਮੁ ਨਿਧਾਨੁ' ਹੀ ਮਨੁੱਖ ਦਾ ਸਹਾਇਕ ਮੰਨਿਆ ਹੈ ਅਤੇ ਕੇਵਲ ਇਹ ਖਜ਼ਾਨਾ ਹੀ ਇਹਨਾਂ ਅਜ਼ਮਾਇਸ਼ੀ ਘੜੀਆਂ ਵਿਚ ਮਨੁੱਖ ਦੇ ਨਾਲ ਰਹਿ ਸਕਦਾ ਹੈ ।

'ਨਾਮੁ ਨਿਧਾਨੁ' ਫਿਰ ਕਿਸ ਤਰ੍ਹਾਂ ਮਨੁੱਖ ਦੇ ਨਾਲ ਰਹਿੰਦਾ ਹੈ । ਇਹ ਮਨੁੱਖ ਨੂੰ ਕਿਵੇਂ ਸ਼ਕਤੀ ਦੇਂਦਾ ਹੈ ਅਤੇ ਉਸ ਨੂੰ ਕਾਮ, ਕ੍ਰੋਧ, ਲੋਭ ਦੇ ਜਾਲ ਵਿਚ ਨਹੀਂ ਫਸਣ ਦੇਂਦਾ ? ਇਹ ਖ਼ਜ਼ਾਨਾ ਮਨੁੱਖ ਨੂੰ ਕਿਵੇਂ ਅਮੀਰ ਬਣਾ ਦੇਂਦਾ ਹੈ ਕਿ ਉਸ ਲਈ ਕੋਈ ਸੁੰਦਰਤਾ: ਕੋਈ ਧਨ ਪਦਾਰਥ, ਕੋਈ ਪਦਵੀ ਇਤਨੀ ਖਿੱਚ ਨਹੀਂ ਰਖਦੀ ਕਿ ਉਨ੍ਹਾਂ ਲਈ ਮਨੁੱਖ ਜਮ ਦੇ ਫੰਧੇ ਵਿਚ ਫਸ ਸਕੇ ਜਾਂ ਕਿਸੇ ਖਾਤ ਜਾਂ ਟੋਏ ਵਿਚ ਗਿਰ ਸਕੇ ? ਨਿਸਚੇ ਹੀ ਇਹ ਕੋਈ ਐਸੀ ਸ਼ਕਤੀ ਹੈ ਜੋ ਮਨੁੱਖ ਦੇ ਅੰਦਰ ਹੀ ਰਹਿੰਦੀ ਹੈ । ਨਾਮ ਦੁਆਰਾ ਨਾਮੀ (ਪਰਮਾਤਮਾ) ਮਨੁੱਖ ਦੇ ਅੰਦਰ ਆ ਵਸਦੇ ਹਨ ਅਤੇ ਮਨੁੱਖ ਦੇ ਅੰਦਰ ਜੁਰਅਤ ਤੇ ਬਲ ਪੈਦਾ ਕਰਦੇ ਹਨ ਕਿ ਉਹ ਅਜ਼ਮਾਇਸ਼ ਦੀ ਘੜੀ ਵਿਚ ਜੁਰਅਤ ਤੇ ਹੌਸਲਾ ਨਾ ਹਾਰੇ ਅਤੇ ਜਮ ਕੇ ਫੰਧ ਵਿਚ ਨਾ ਫਸੇ । ਪਰਮਾਤਮਾ ਅੰਤਰਜਾਮੀ ਬਣ ਕੇ ਮਨੁੱਖ ਦੇ ਹਿਰਦੇ ਵਿਚ ਬੈਠਦਾ ਹੈ ਅਤੇ ਜਦੋਂ ਅਜ਼ਮਾਇਸ਼ ਦੀ ਘੜੀ ਆਉਂਦੀ ਹੈ ਮਨੁੱਖ ਦੇ ਅੰਦਰੋਂ ਉੱਚੀ ਪ੍ਰੇਰਨਾ ਦੇਂਦਾ ਹੈ । ਪਰਮਾਤਮਾ ਦਾ ਸਰੂਪ ਇਕ ਬਣਿਆ ਹੋਇਆ ਸਾਧਿਆ ਹੋਇਆ ਬਲਵਾਨ ਆਚਰਨ ਹੈ । ਇਹ ਆਚਰਨ ਹੀ 'ਨਾਮ ਖ਼ਜ਼ਾਨਾ' ਹੈ । ਨਹੀਂ ਤੇ ਬਾਹਰ ਤੋਂ ਤਾਂ ਕੋਈ ਤਾਕਤ ਜਾਂ ਸਰੀਰ ਅਜ਼ਮਾਇਸ਼ ਦੀਆਂ ਘੜੀਆਂ ਵੇਲੇ ਮਨੁੱਖ ਦੀ ਮਦਦ ਨਹੀਂ ਕਰ ਸਕਦਾ । ਇਸ ਤਰ੍ਹਾਂ ਹੀ ਪਰਮਾਤਮਾ ਅੰਦਰ ਬੈਠ ਕੇ 'ਸਰਨਿ ਸਮਰਥ' ਹੁੰਦਾ ਹੈ ਅੰਦਰ ਬੈਠਿਆਂ ਪਰਮਾਤਮਾ ਖ਼ਜ਼ਾਨਾ ਹੈ ਪਰ ਨਿਸਚੇ ਹੀ ਇਸਦਾ ਰੂਪ ਨਾਮ ਦੁਆਰਾ ਸਾਧੇ ਗਏ ਆਚਰਨ ਦਾ ਹੀ ਹੈ ।

ਇਹ ਖ਼ਜ਼ਾਨਾ ਐਸਾ ਹੈ ਜੋ ਮਨੁੱਖ ਵਿਚੋਂ ਸੰਸਾਰਕ ਪਦਾਰਥਾਂ ਦੀ ਭੁੱਖ ਮਿਟਾਂਦਾ ਹੈ । ਕਿਉਂਕਿ ਉਸ ਨੂੰ ਦ੍ਰਿੜ੍ਹ ਕਰਾ ਦੇਂਦਾ ਹੈ ਕਿ ਇਹ ਪਦਾਰਥ ਐਸੇ ਹਨ ਜੋ

ਅਜ਼ਮਾਇਸ਼ ਦੀਆਂ ਘੜੀਆਂ ਵਿਚ ਮਨੁੱਖ ਦੀ ਮਦਦ ਨਹੀਂ ਕਰ ਸਕਦੇ ਅਤੇ ਇਸ ਤਰ੍ਹਾਂ 'ਨਾਮੁ ਨਿਧਾਨੁ' ਮਨੁੱਖ ਨੂੰ ਦ੍ਰਿੜ ਕਰਾਂਦਾ ਹੈ ਕਿ ਕੇਵਲ ਅੰਦਰ ਬੈਠਾ ਪਰਮਾਤਮਾ ਜਾਂ ਸਾਧਿਆ ਹੋਇਆ ਆਚਰਨ ਹੀ ਐਸਾ ਬਲ ਹੈ ਜੋ ਅਜ਼ਮਾਇਸ਼ ਦੀਆਂ ਘੜੀਆਂ ਵਿਚ ਮਨੁੱਖ ਦੀ ਮਦਦ ਕਰ ਸਕਦਾ ਹੈ। ਇਸ ਵਾਸਤੇ ਪਰਮਾਤਮਾ ਉਹ ਸ਼ਕਤੀ ਹੈ ਜੋ ਮਨੁੱਖ ਨੂੰ 'ਜਮ ਕੈ ਪਾਥ' ਤੋਂ ਬਚਾਂਦੀ ਹੈ। ਭਾਵ ਐਸੇ ਕਰਮਾਂ ਤੋਂ ਬਚਾਂਦੀ ਹੈ ਜੋ ਮਨੁੱਖ ਨੂੰ ਜਮ ਦੇ ਅਧੀਨ ਕਰਕੇ ਨਰਕ ਦਾ ਭਾਗੀ ਬਣਾ ਦੇਣ। ਪਰਮਾਤਮਾ ਐਸੀ ਸ਼ਕਤੀ ਹੈ ਜੋ ਮਨੁੱਖ ਨੂੰ ਸੰਸਾਰ ਸਾਗਰ ਦੇ ਟੋਇਆਂ ਤੋਂ ਸੁਚੇਤ ਕਰਦੀ ਹੈ ਅਤੇ ਪਰਮਾਤਮਾ ਤੋਂ ਬਿਨਾਂ ਕੋਈ ਹੋਰ ਸ਼ਕਤੀ ਐਸੇ ਮੌਕਿਆਂ ਤੇ ਮਨੁੱਖ ਦੀ ਸਹਾਇਤਾ ਨਹੀਂ ਕਰ ਸਕਦੀ। ਸਪਸ਼ਟ ਹੈ ਕਿ 'ਸੁਤ' ਅਤੇ 'ਸੰਪਤਿ' ਪੁੱਤਰ ਅਤੇ ਪਦਾਰਥ ਉਸ ਵੇਲੇ ਮਨੁੱਖ ਦੀ ਕੋਈ ਸਹਾਇਤਾ ਨਹੀਂ ਕਰ ਸਕਦੇ ਜਦੋਂ ਮਨੁੱਖ ਜਮ ਦੇ ਫੰਧੇ ਵਿਚ ਫਸਣ ਲਗਦਾ ਹੈ ਜਾਂ ਜੀਵਨ ਦੇ ਕਿਸੇ ਟੋਏ ਵਿਚ ਡਿੱਗਣ ਲਗਦਾ ਹੈ—'ਹਰਿ ਬਿਨੁ ਕੋਇ ਨ ਚਾਲਸਿ ਸਾਥ।' ਜਦੋਂ ਮਨੁੱਖ ਕਿਸੇ ਗਿਰਾਵਟ ਵਿਚ ਫਸਣ ਲਗਦਾ ਹੈ ਤਦ ਆਮ ਕਰਕੇ ਤਾਂ ਉਸ ਵੇਲੇ ਸਾਥੀ ਸੰਬੰਧੀ ਪਾਸ ਹੁੰਦੇ ਹੀ ਨਹੀਂ, ਪਰ ਜੇ ਹੋਣ ਵੀ ਤਾਂ ਗਿਰਾਵਟ ਤਾਂ ਸਾਰੀ ਮਨ ਵਿਚ ਆ ਰਹੀ ਹੁੰਦੀ ਹੈ, ਇਸ ਲਈ ਮਨੁੱਖ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ। ਮਨੁੱਖ ਦੀ ਸਹਾਇਤਾ ਤਾਂ ਕੋਈ ਉਹ ਹੀ ਸ਼ਕਤੀ ਕਰ ਸਕਦੀ ਹੈ ਜੋ ਅੰਦਰ ਹੋਵੇ ਜਾਂ ਮਨ ਦੇ ਬਿਲਕੁਲ ਨੇੜੇ ਹੋਵੇ। ਇਹ ਸ਼ਕਤੀ 'ਨਾਮੁ ਨਿਧਾਨੁ' ਜਾਂ 'ਪਰਮਾਤਮਾ' ਹੈ। ਇਸ ਸ਼ਕਤੀ ਦੇ ਰੂਪ ਇਸ ਸ਼ਬਦ ਵਿਚ ਇਹ ਦੱਸੇ ਹਨ :—

੧. ਹਰਿ ਬਿਨੁ ਕੋਇ ਨ ਚਾਲਸਿ ਸਾਥ :—ਨਾਮ ਦੁਆਰਾ ਪ੍ਰਮਾਤਮਾ ਮਨੁੱਖ ਦੇ ਹਿਰਦੇ ਵਿਚ ਆ ਬੈਠਦਾ ਹੈ ਅਤੇ 'ਜਮ ਕੈ ਪਾਥ' ਅਤੇ 'ਸਾਗਰ ਕੇ ਖਾਤ' ਦੇ ਮੌਕਿਆਂ ਤੇ ਮਨੁੱਖ ਦੀ ਸਹਾਇਤਾ ਕਰਦਾ ਹੈ; ਫੇਰ ਜੀਵਨ ਵਿਚ ਸਹਾਇਤਾ ਕਰਦਾ ਹੈ ਅਤੇ ਮੌਤ ਮਗਰੋਂ ਵੀ ਸਹਾਇਤਾ ਕਰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਬੈਠਾ ਹੈ ਉਸ ਨੂੰ ਜਮ ਦੇ ਫੰਧੇ ਵਿਚ ਨਹੀਂ ਫਸਣ ਦੇਂਦਾ—ਇਹ ਜੀਵਨ ਵਿਚ ਸਹਾਇਤਾ ਹੋ ਗਈ। ਜੋ ਮਨੁੱਖ ਜਮ ਦੇ ਫੰਧੇ ਵਿਚ ਨਹੀਂ ਫਸਦਾ ਉਹ ਮਰਨ ਮਗਰੋਂ ਵੀ ਸੁਰਖਰੂ ਰਹਿੰਦਾ ਹੈ—ਇਹ ਮੌਤ ਮਗਰੋਂ ਸਹਾਇਤਾ ਹੋ ਗਈ। ਜਿਸ ਦੇ ਹਿਰਦੇ ਵਿਚ ਪਰਮਾਤਮਾ ਬੈਠਾ ਹੈ ਉਹ 'ਪਰਉਪਕਾਰ ਉਮਾਹਾ' ਵਾਲਾ ਹਿਰਦਾ ਹੁੰਦਾ ਹੈ। ਪਰਉਪਕਾਰ ਕਰ ਸਕਣਾ ਹੀ ਕੋਈ ਜੀਵਨ ਦਾ ਭੇਦ ਹੈ—ਇਹ ਜੀਵਨ ਵਿਚ ਸਹਾਇਤਾ ਹੋ ਗਈ। ਪਰਉਪਕਾਰੀ ਦਾ ਨਾਮ ਉਸ ਦੀ ਮੌਤ ਮਗਰੋਂ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ—ਇਹ ਮੌਤ ਮਗਰੋਂ ਸਹਾਇਤਾ ਹੋ ਗਈ। ਸੋ ਅਜ਼ਮਾਇਸ਼ ਦੀਆਂ ਘੜੀਆਂ ਤੇ ਜੀਵਨ ਦੇ ਹਰ ਮੌਕੇ ਤੇ ਅਤੇ ਮੌਤ ਮਗਰੋਂ 'ਨਾਮੁ ਨਿਧਾਨੁ' ਪਰਮਾਤਮਾ ਜਾਂ ਬਣੇ ਹੋਏ ਆਚਰਨ ਨੇ ਮਨੁੱਖ ਦੀ ਸਹਾਇਤਾ ਕਰ ਦਿੱਤੀ।

੨. ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਨਾਥ :—ਪਰਮਾਤਮਾ ਦੀਨਾਂ ਦਾ ਸਹਾਇਕ ਹੈ। ਪਰ ਦੀਨ ਕੌਣ ਹਨ ? ਦੀਨ ਉਹ ਹੀ ਹਨ ਜਿਨ੍ਹਾਂ ਦੇ ਹਿਰਦੇ ਵਿਚ ਇਤਨੀ ਕੰਗਾਲਤਾ ਹੈ ਕਿ ਉਹ ਜਮ ਦੇ ਫੰਧੇ ਵਿਚ ਫਸ ਸਕਦੇ ਹਨ ਅਤੇ ਕਾਮ, ਕ੍ਰੋਧ ਦੇ ਟੋਇਆਂ ਵਿਚ ਡਿੱਗ ਸਕਦੇ ਹਨ। ਨਾਮ ਦਾ ਖ਼ਜ਼ਾਨਾ ਜਾਂ ਪਰਮਾਤਮਾ ਐਸੇ ਦੀਨਾਂ ਦੀ ਸਹਾਇਤਾ ਕਰਦਾ ਹੈ, ਉਸ ਦੀ 'ਕਰੁਣਾ' ਜਾਂ 'ਕਿਰਪਾ' ਵੀ ਇਹੋ ਹੈ ਕਿ ਆਪਣੇ

ਸੇਵਕ ਨੂੰ ਹਰ ਖ਼ਤਰੇ ਤੋਂ ਸੁਰੱਖਿਅਤ ਰੱਖੇ। ਪਰਮਾਤਮਾ 'ਜਮਜਾਲ' ਅਤੇ 'ਸਾਗਰ ਖਾਤ' ਤੋਂ ਮਨੁੱਖ ਨੂੰ ਬਚਾਈ ਰੱਖਦਾ ਹੈ। ਪਰਮਾਤਮਾ ਅਨਾਥਾਂ ਦਾ ਨਾਥ ਵੀ ਇਸੇ ਰੂਪ ਵਿਚ ਹੀ ਹੈ ਕਿ ਉਹ ਸਹਾਇਤਾ ਕਰਦਾ ਹੈ ਅਤੇ ਕਮਜ਼ੋਰਾਂ ਨੂੰ ਵੀ ਟੋਏ ਵਿਚ ਡਿੱਗਣ ਨਹੀਂ ਦੇਂਦਾ ਅਤੇ ਜਾਲ ਵਿਚ ਫਸਣ ਨਹੀਂ ਦੇਂਦਾ, ਪਰ 'ਸੁਤ ਸੰਪਤਿ ਬਿਖਿਆ ਰਸ ਭੂੰਗਵਤ ਨਹ ਨਿਬਹਤ ਜਮ ਕੈ ਪਾਥ'—ਮਨੁੱਖ ਨੂੰ ਸੰਬੰਧੀ, ਮਾਲ ਧਨ ਤੇ ਪਦਵੀ 'ਜਮ ਕੈ ਪਾਥ' ਤੋਂ ਨਹੀਂ ਬਚਾ ਸਕਦੀ ਸਗੋਂ ਇਨ੍ਹਾਂ ਦੀ ਖਾਤਰ ਹੀ ਤਾਂ ਮਨੁੱਖ 'ਜਮ ਜਾਲ' ਵਿਚ ਫਸਦਾ ਹੈ ਅਤੇ ਟੋਏ ਵਿਚ ਡਿਗਦਾ ਹੈ। 'ਨਾਮੁ ਨਿਧਾਨੁ ਗਾਉ ਗੁਨ ਗੋਬਿਦ' ਹੀ ਮਨੁੱਖ ਨੂੰ 'ਜਾਲ' ਤੋਂ ਬਚਾ ਸਕਦੇ ਹਨ।

੩. ਸਰਨਿ ਸਮਰਥ ਅਕਥ ਅਗੋਚਰ ਹਰਿ ਸਿਮਰਤ ਦੁਖ ਲਾਥ :—ਪਰਮਾਤਮਾ ਇਤਨਾ ਸਮਰੱਥ ਹੈ ਕਿ ਹਰ ਮਨੁੱਖ ਨੂੰ ਕਾਮ, ਕ੍ਰੋਧ ਤੇ ਲੋਭ ਦੇ ਹਮਲੇ ਤੋਂ ਬਚਾ ਸਕਦਾ ਹੈ, ਉਹ ਪਰਮਾਤਮਾ 'ਅਕਥ ਅਗੋਚਰ' ਦੇ ਰੂਪ ਵਿਚ ਮਨੁੱਖ ਦੇ ਅੰਦਰ ਬੈਠਦਾ ਹੈ। ਨਾਮ ਸਿਮਰਨ ਨਾਲ ਮਨੁੱਖ ਦਾ ਆਤਮਕ ਤੇ ਇਖ਼ਲਾਕੀ ਬਲ ਵਧਦਾ ਹੈ। ਉਸ ਅੰਦਰ 'ਜਮ ਜਾਲ' ਦਾ ਟਾਕਰਾ ਕਰਨ ਦੀ ਜੁਰਅਤ ਪੈਦਾ ਹੁੰਦੀ ਰਹਿੰਦੀ ਹੈ। ਪਰ ਇਹ ਜੁਰਅਤ ਤੇ ਬਲ ਦਿੱਸਣ ਵਾਲੀਆਂ ਵਸਤੂਆਂ ਨਹੀਂ, ਇਹ ਇਖ਼ਲਾਕੀ ਬਲ ਹੈ ਜਾਂ ਆਤਮਕ ਬਲ ਹੈ ਅਤੇ ਇਹ ਬਲ ਹੀ 'ਜਮ ਜਾਲ' ਅਤੇ 'ਸਾਗਰ ਖਾਤ' ਵਾਲੇ ਮਨੁੱਖ ਦਾ ਸਹਾਈ ਹੁੰਦਾ ਹੈ। ਇਸ ਤਰ੍ਹਾਂ ਇਹ ਬਲ ਮਨੁੱਖ ਦੇ ਸਾਰੇ ਦੁੱਖ ਨੂੰ ਨਾਸ਼ ਕਰ ਦੇਂਦਾ ਹੈ। ਦੁੱਖ ਤਾਂ ਤਦ ਹੀ ਹੈ ਜੇ ਮਨੁੱਖ ਪਰਮਾਤਮਾ ਜਾਂ ਬਣਾਏ ਤੇ ਸਾਂਭੇ ਹੋਏ ਆਚਰਨ ਤੋਂ ਵਿਸਰ ਕੇ 'ਜਮ ਜਾਲ' ਵਿਚ ਫਸ ਜਾਏ ਜਾਂ ਕਾਮ ਕ੍ਰੋਧ ਦੇ ਟੋਏ ਵਿਚ ਡਿੱਗ ਪਵੇ।

੪. ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ :—ਨਾਮ ਦਾ ਖ਼ਜ਼ਾਨਾ ਗੁਰੂ ਦੀ ਸ਼ਰਣ ਵਿਚ ਪਿਆਂ ਪ੍ਰਾਪਤ ਹੁੰਦਾ ਹੈ; ਸੰਤਾਂ ਦੀ ਸੰਗਤ ਵਿਚ ਰਿਹਾਂ ਮਿਲਦਾ ਹੈ; ਬੜੀ ਨਿਮਰਤਾ ਨਾਲ ਗੁਰਬਾਣੀ ਦੇ ਪਾਠ ਤੇ ਵਿਚਾਰ ਦੁਆਰਾ ਪ੍ਰਾਪਤ ਹੁੰਦਾ ਹੈ। ਸੋ ਬਾਣੀ ਦਾ ਪਾਠ ਵਿਚਾਰ ਹੀ ਗੁਰੂ-ਧੂੜ ਵਿਚ ਇਸ਼ਨਾਨ ਹੈ। ਗੁਰਬਾਣੀ ਦੇ ਪਾਠ ਵਿਚਾਰ ਵਿਚ ਲੱਗ ਸਕਣਾ ਪਰਮਾਤਮਾ ਦੀ ਸਭ ਤੋਂ ਵੱਡੀ ਮਿਹਰ ਹੈ। ਇਹੋ ਹੀ ਧੁਰੋਂ ਮਿਲੀ ਸਭ ਤੋਂ ਵਡੀ ਖ਼ੁਸ਼ਕਿਸਮਤੀ ਹੈ।

ਸਾਰ ਇਹ ਹੈ ਕਿ ਜੀਵਨ ਵਿਚ ਅਜ਼ਮਾਇਸ਼ ਦੀਆਂ ਘੜੀਆਂ ਅਨੇਕ ਹਨ ਜੋ ਅਚਾਨਕ ਆ ਜਾਂਦੀਆਂ ਹਨ। ਕੇਵਲ ਸਾਧਿਆ ਹੋਇਆ ਆਚਰਨ ਤੇ ਬਿਬੇਕੀ ਮਨ ਹੀ ਅਜ਼ਮਾਇਸ਼ ਦੀਆਂ ਘੜੀਆਂ ਵਿਚ ਅਡੋਲ ਰਹਿ ਸਕਦਾ ਹੈ ਤੇ ਸਾਧਿਆ ਹੋਇਆ ਆਚਰਨ ਹੀ 'ਨਾਮੁ ਨਿਧਾਨੁ' ਤੇ 'ਪਰਮਾਤਮਾ' ਹੈ।

## ੨.

ਨਾਮ ਦੀ ਮਹਿਮਾ 'ਨਾਮੁ ਨਿਧਾਨੁ' ਹੈ। ਨਾਮ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੇਅੰਤ ਕੀਤੀ ਹੈ :

ਮਹਲਾ ੧

ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ ॥ (ਜਪੁ)
ਨਾਨਕ ਨਦਰੀ ਬਾਹਰੇ, ਰਾਚਹਿ ਦਾਨਿ ਨ ਨਾਇ ॥ (ਪੰਨਾ ੧੫)

ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ (ਪੰਨਾ ੧੬)
ਹਿਰਦੈ ਨਾਮੁ, ਨਾਹੀ ਮਨਿ ਭੰਗ ॥ (ਪੰਨਾ ੩੫੨)
ਨਾਮੁ ਪਦਾਰਥੁ ਨਉ ਨਿਧਿ ਪਾਈ ॥ (ਪੰਨਾ ੩੫੩)
ਨਾਮ ਬਿਹੂਣੈ ਮਾਥੇ ਛਾਈ ॥ (੪੧੨)
ਅੰਤਰਿ ਨਾਮੁ ਕਮਲੁ ਪਰਗਾਸੁ ॥ (੪੧੨)
ਬਾਂਧਾ ਛੂਟੈ ਨਾਮੁ ਸਮਾਲਿ ॥ (੪੧੨)
ਜਨਮ ਮਰਣ ਦੂਖ ਮੇਟਿਆ, ਜਪਿ ਨਾਮੁ ਮੁਰਾਰੇ ॥ (੪੨੨)
ਸਾਹਿਬੁ ਸਫਲਿਓ ਰੁਖੜਾ, ਅੰਮ੍ਰਿਤੁ ਜਾ ਕਾ ਨਾਉ ॥ (੫੫੭)
ਤੀਰਥਿ ਨਾਵਣ ਜਾਉ, ਤੀਰਥੁ ਨਾਮ ਹੈ ॥ (੬੮੭)
ਸੰਸਾਰ ਰੋਗੀ, ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥ (੬੮੭)
ਤੇਰਾ ਏਕੋ ਨਾਮੁ ਮੰਜੀਠੜਾ, ਰਤਾ ਮੇਰਾ ਚੋਲਾ, ਸਦ ਰੰਗ ਢੋਲਾ ॥ (੭੨੯)
ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ (੭੩੦)
ਗੁਰਮੁਖਿ ਚੋਰੁ ਨ ਲਾਗਿ, ਹਰਿ ਨਾਮ ਜਗਾਈਐ। (੭੫੨)
ਮੈ ਅੰਧੁਲੇ ਹਰਿਨਾਮੁ ਲਕੁਟੀ ਟੋਹਣੀ ॥ (੭੫੨)
ਨਾਮ ਮਿਲੈ ਚਾਨਣੁ ਅੰਧਿਆਰਿ ॥ (੭੬੬)

## ਮਹਲਾ ੩

ਜਿਨੀ ਸਤਿਗੁਰੁ ਸੇਵਿਆ, ਤਿਨੀ ਪਾਇਆ ਨਾਮੁ ਨਿਧਾਨੁ ॥ (ਪੰਨਾ ੨੬)
ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥ (੨੬)
ਸੁਖ ਸਾਗਰੁ ਹਰਿਨਾਮ ਹੈ, ਗੁਰਮੁਖਿ ਪਾਇਆ ਜਾਇ ॥ (੨੯)
ਜਤੁ ਸਤੁ ਸੰਜਮ ਨਾਮੁ ਹੈ, ਵਿਣੁ ਨਾਵੈ ਨਿਰਮਲੁ ਨ ਹੋਇ ॥ (੩੩)
ਅਨਦਿਨੁ ਨਾਮੇ ਰਤਿਆ, ਸਚੇ ਸਚੀ ਸੋਇ ॥ (੩੫)
ਅਨਦਿਨੁ ਨਾਮੇ ਰਤਿਆ, ਜੋਤੀ ਜੋਤਿ ਸਮਾਇ ॥ (੩੫)
ਇਸ ਕਲਿਜੁਗ ਮਹਿ ਕਰਮ ਧਰਮ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੇ ਘਰਿ ਹੋਈ ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ (੧੬੧)
ਨਾਮ ਰਤਨੁ, ਸਭ ਜਗ ਮਹਿ ਸੋਇ ॥ (੨੩੨)
ਅਤਿ ਨਿਰਮਲ ਗੁਰ ਸਬਦ ਵੀਚਾਰ ॥
ਨਾਨਕ ਨਾਮਿ ਸਵਾਰਣਹਾਰ ॥ (੨੬੨)
ਇਸ ਜੁਗ ਮਹਿ ਨਿਰਭਉ ਹਰਿਨਾਮੁ ਹੈ, ਪਾਈਐ ਗੁਰ ਵੀਚਾਰ ॥ (੨੬੫)
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨਿ ਹਰਿ ਹਿਰਦੈ ਰਹਿਆ ਸਮਾਇ ॥ (੪੯੧)

ਸਚਾ ਸਉਦਾ ਹਰਿਨਾਮੁ ਹੈ, ਸਚਾ ਵਾਪਾਰਾ ਰਾਮ ॥ (੫੭੦)
ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ (੬੪੮)
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ, ਜਪਿ ਹਰਿ ਭਵਜਲੁ ਤਰਨਾ ॥ (੬੭੦)
ਨਾਮੇ ਉਧਰੇ ਸਭਿ ਜਿਤਨੇ ਲੋਅ ॥ (੧੧੨੯
ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਿਜੁਗਿ ਪਰਮ ਹੰਸ ਬੀਚਾਰੀ ॥ (੧੧੩੧)

ਮਹਲਾ ੪

ਨਾਮੁ ਅਮੋਲਕ ਰਤਨ ਹੈ, ਪੂਰੇ ਸਤਿਗੁਰ ਪਾਸਿ ॥ (ਪੰਨਾ ੪੦)
ਸਭਿ ਰਸ ਤਿਨਕੈ ਰਿਦੈ ਹਹਿ, ਜਿਨ ਹਰਿ ਵਸਿਆ ਮਨ ਮਾਹਿ ॥ (੩੧੦)
ਹਮ ਕੀਰੇ ਕਿਰਮ ਸਤਿਗੁਰ ਸਰਣਾਈ, ਕਰਿ ਦਇਆ ਨਾਮੁ ਪਰਗਾਸਿ ॥ (੪੯੨)
ਜੋ ਹਰਿ ਜਨ ਨਾਮੁ ਧਿਆਇਦਾ, ਹਰਿ ਹਰਿ ਜਨੁ ਇਕ ਸਮਾਨਿ ॥ (੬੫੨
ਜਹ ਹਰਿ ਸਿਮਰਨ ਭਇਆ ਤਹ ਉਪਾਧਿ ਗਤੁ ਕੀਨੀ,
ਵਡਭਾਗੀ ਹਰਿ ਜਪਨਾ ॥ (੬੭੦)
ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ । (੭੩੩)
ਹਰਿ ਹਰਿ ਨਾਮੁ ਬੋਹਿਥੁ ਹੈ, ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥ (੭੯੯)
ਰਤਨ ਜਵੇਹਰੁ ਲਾਲੁ ਹਰਿਨਾਮਾ, ਗੁਰਿ ਕਾਢਿ ਤਲੀ ਦਿਖਲਾਇਆ ॥ (੮੮੦)

ਮਹਲਾ ੫

ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ (ਪੰਨਾ ੩੯੭)
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ (੪੦੧)
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥ (੪੦੫
ਦਿਨੁ ਰੈਣਿ ਸਭ ਸੁਹਾਵਣੇ ਪਿਆਰੇ, ਜਿਤੁ ਜਪੀਐ ਹਰਿ ਨਾਉ ॥ (੪੩੨)
ਸਿਮਰਤ ਨਾਮੁ ਕੋਟਿ ਉਜੀਆਰਾ, ਬਸਤੁ ਅਗੋਚਰ ਸੂਝੀ ॥ (੪੯੭
ਜਹ ਜਹ ਅਉਸਰੁ ਆਇ ਬਨਿਓ ਹੈ, ਤਹਾ ਤਹਾ ਹਰਿ ਧਿਆਇਓ ॥ (੪੯੮
ਹਰਿ ਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ ॥ (੫੫੩
ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ ॥
ਨਾਮ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥
ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ (੭੬੧
ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ ॥ (੮੯੮
ਗੰਗਾ ਜਲੁ ਗੁਰ ਗੋਬਿੰਦ ਨਾਮ ॥ (੧੧੩੭

ਕਲਿਜੁਗ ਮਹਿ ਇਕ ਨਾਮਿ ਉਧਾਰੁ ॥ (੧੧੩੮)
ਨਾਮ ਬਿਨਾ ਬਿਰਥੇ ਸਭਿ ਕਾਜ ॥ (੧੧੪੦)
ਜੁਗਹ ਜੁਗੰਤਰਿ ਇਹੁ ਤਨੁ ਸਾਰ ॥ਹਰਿ ਸਿਮਰਣ ਸਾਚਾ ਬੀਚਾਰੁ ॥ (੧੧੪੪)
ਗੁਰ ਕਿਰਪਾ ਤੇ ਨਾਮ ਸਿਉ ਬਨਿਆਈ ॥ (੧੧੪੪)
ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ (੧੧੮੫)
ਹਰਿਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥ (੧੧੮੫)
ਹਰਿ ਕੇ ਨਾਮ ਕੀ ਗਤਿ ਠਾਂਢੀ ॥ (੧੨੧੯)
ਜੋ ਜੋ ਤਰਿਓ ਪੁਰਾਤਨ ਨਵਤਨ ਭਗਤਿ ਭਾਇ ਹਰਿ ਦੇਵਾ ॥ (੧੨੧੯)
ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ ॥
ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ ॥ (੧੨੨੧)
ਆਤੁਰੁ ਨਾਮ ਬਿਨੁ ਸੰਸਾਰ ॥ (੧੨੨੩)
ਨਾਨਕ ਨਾਮਿ ਰਸਨਿ ਬੈਰਾਗੀ ਕੁਲਹ ਸਮੂਹਾ ਤਾਰੇ ॥ (੧੨੨੫)

## ੩.

'ਅਖਰੀ ਨਾਮੁ ਅਖਰੀ ਸਾਲਾਹੁ'—ਅਕਾਲ ਪੁਰਖ ਦਾ ਰੂਪ ਬਿਆਨ ਕਰਨ ਦਾ ਹਰ ਯਤਨ ਅਤੇ ਉਸ ਦੀ ਸਿਫ਼ਤ ਸਾਲਾਹ ਕਰਨ ਦਾ ਹਰ ਯਤਨ ਨਾਮ ਹੀ ਹੈ। ਅੱਖਰਾਂ ਦੁਆਰਾ ਹੀ ਨਾਮ ਦਾ ਬਿਆਨ ਹੁੰਦਾ ਹੈ, ਅੱਖਰਾਂ ਵਿਚ ਹੀ ਸਿਫਤ ਸਾਲਾਹ ਹੁੰਦੀ ਹੈ। ਅਕਾਲ ਪੁਰਖ ਦੇ ਕਰਤਵ ਚਮਤਕਾਰ ਵੇਖ ਵੇਖ ਕੇ ਹੀ ਉਸ ਦੇ ਨਾਮ ਦਾ ਅਨੁਮਾਨ ਹੁੰਦਾ ਹੈ, ਨਹੀਂ ਤਾਂ ਉਸ ਦਾ ਕੋਈ ਚਕ੍ਰ ਚਿਹਨ ਤਾਂ ਹੈ ਨਹੀਂ :—

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥ (ਜਾਪੁ—੧੭)

'ਜੇਤਾ ਕੀਤਾ ਤੇਤਾ ਨਾਉ ਵਿਣੁ ਨਾਵੈ ਨਾਹੀ ਕੋ ਥਾਉ'—'ਅਕਾਲ ਪੁਰਖ' ਦਾ ਸਾਰਾ ਪਸਾਰਾ ਵੀ ਨਾਮ ਹੀ ਹੈ, ਕਿਉਂਕਿ ਇਹ ਬ੍ਰਹਮੰਡ ਉਸ ਵਾਹਿਗੁਰੂ ਨੂੰ ਪ੍ਰਗਟ ਕਰਦਾ ਹੈ, ਇਸ ਦੀ ਹਰ ਚੀਜ਼ ਉਸ ਦੀ ਮਹਾਨਤਾ ਨੂੰ ਪ੍ਰਗਟ ਕਰਦੀ ਹੈ। ਇਸ ਸਾਰੇ ਪਸਾਰੇ ਵਿਚ ਉਹ ਆਪ ਮੌਜੂਦ ਹੈ। ਇਸ ਦੇ ਧਾਰਨ ਕਰਨ ਵਾਲਾ ਉਹ ਆਪ ਹੈ। ਕੋਈ ਐਸੀ ਥਾਂ ਨਹੀਂ ਹੈ, ਜਿਥੇ ਨਾਮ-ਰੂਪ ਵਿਚ ਅਕਾਲ ਪੁਰਖ ਵਿਆਪਕ ਨਹੀਂ ਹੈ। ਸੋ ਨਾਮ, ਉਸ ਦੀ ਸ਼ਕਤੀ ਦਾ ਸੂਚਕ ਹੈ :—

'ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥

ਨਾਮ 'ਅਕਾਲ ਪੁਰਖ' ਦੀ ਸ਼ਕਤੀ ਹੈ ਜਿਹੜੀ ਭਾਣੇ, ਹੁਕਮ, ਕਾਨੂੰਨ, ਤ੍ਰੈ-ਗੁਣ, ਜੀਵਾਤਮਾ, ਚੇਤਨਤਾ, ਪੰਜ ਤੱਤ ਆਦਿ ਰੂਪਾਂ ਵਿਚ ਸਾਰੇ ਬ੍ਰਹਮੰਡ ਦਾ ਆਧਾਰ ਹੈ। ਉਸੇ ਸ਼ਕਤੀ ਦੁਆਰਾ ਇਹ ਸਭ ਕੁਝ ਉਤਪੰਨ ਹੁੰਦਾ ਹੈ, ਉਸੇ ਸ਼ਕਤੀ (ਨਾਮ ਸ਼ਕਤੀ) ਦੁਆਰਾ ਆਪਣੀ ਥਾਂ ਕਾਇਮ ਰਹਿੰਦਾ ਹੈ। ਸਾਰੇ ਪਸਾਰੇ ਨੂੰ ਕਾਇਮ ਰੱਖਣ ਵਾਲੀ ਸ਼ਕਤੀ ਨੂੰ ਅਸਾਂ ਕਈ ਪ੍ਰਕਾਰ ਦੇ ਕਾਨੂੰਨ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਕੁਦਰਤ ਦੇ ਨਿਯਮ ਜਾਂ ਕਾਨੂੰਨ ਵੀ ਨਾਮ ਦਾ ਹੀ ਪੱਖ ਹਨ। ਕਿਸੇ ਤ੍ਰੈਗੁਣੀ, ਪੰਜ ਤੱਤੀ ਮਾਦੇ ਤੋਂ ਬ੍ਰਹਿਮੰਡ ਬਣਿਆ ਹੈ, ਅਸਾਂ ਉਸ ਨੂੰ ਮਾਦਾ ਕਹਿਣਾ ਸ਼ੁਰੂ ਕੀਤਾ ਹੈ, ਉਹ ਵੀ ਮਾਦਾ ਨਾਮ ਦਾ ਹੀ ਪੱਖ ਹੈ। ਪ੍ਰਭੂ ਮਹਿਮਾ, ਮਹਾਨਤਾ ਜਾਂ ਸ਼ਕਤੀ ਦਾ ਹੀ ਚਮਤਕਾਰ ਹੈ।

ਇਸ ਕਾਇਆ ਅੰਦਰ ਬਹੁਤ ਪਸਾਰਾ ॥
ਨਾਮ ਨਿਰੰਜਨ ਅਤਿ ਅਗਮ ਅਪਾਰਾ ॥

ਮਨੁੱਖ ਦੇ ਅੰਦਰ ਜੋ ਵੀ ਸ਼ਕਤੀ ਹੈ—ਸਦਾਚਾਰਕ, ਮਾਨਸਕ, ਆਤਮਕ ਤੇ ਸਰੀਰਕ, ਇਹ ਵੀ ਅਕਾਲ ਪੁਰਖ ਦੀ ਸ਼ਕਤੀ ਤੇ ਆਧਾਰਤ ਹੈ, ਇਹ ਵੀ ਨਾਮ ਦਾ ਹੀ ਪੱਖ ਹੈ। ਨਾਮ ਹਰ ਜੀਵ ਦੇ ਅੰਦਰ ਰਹਿੰਦਾ ਹੈ—'ਗੁਰ ਪੂਰੇ ਤੇ ਪਾਈਐ ਹਿਰਦੈ ਦੇ ਦਿਖਾਈ' ॥ 'ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ।''

੪

ਜੋ ਕੁਝ ਵੀ ਅਕਾਲ ਪੁਰਖ ਦੀ ਮਹਾਨਤਾ ਨੂੰ ਪ੍ਰਗਟ ਕਰਦਾ ਹੈ, ਉਹ ਨਾਮ ਹੈ। ਪਰ ਨਾਮ ਤੋਂ ਲਾਭ ਜੀਵ ਨਾਮ-ਸਿਮਰਨ ਦੁਆਰਾ ਹੀ ਉਠਾ ਸਕਦਾ ਹੈ। ਨਾਮ-ਸਿਮਰਨ ਦੀ ਮਹਾਨਤਾ ਵਿਚ ਗੁਰਬਾਣੀ ਨੇ ਅਸੂਲ ਇਹ ਦ੍ਰਿੜ੍ਹ ਕਰਾਇਆ ਹੈ।

ਭਰੀਐ ਮਤਿ ਪਾਪਾ ਕੈ ਸੰਗਿ ਓਹੁ ਧੋਪੈ ਨਾਵੈ ਕੈ ਰੰਗਿ ॥ (ਜਪੁ)
ਜੈ ਸਿਉ ਰਾਤਾ ਤੈਸੋ ਹੋਵੈ ॥ (ਮ: ੧, ੪੧੧)
ਭਗਤਿ ਤੇਰੀ ਹੈਰਾਨ ਦਰਦੁ ਗਵਾਵਹੀ ॥ (ਮ: ੧, ੪੨੨)
ਨਾਨਕ ਸਚੁ ਧਿਆਇਨਿ ਸਚੁ ॥ (ਮ: ੧, ੪੬੩)
ਜਤੁ ਸਤੁ ਸੰਜਮੁ ਨਾਮੁ ਹੈ, ਵਿਣੁ ਨਾਵੈ ਨਿਰਮਲ ਨ ਹੋਇ ॥ (ਮ: ੩, ੩੩)
ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥ (ਮ: ੩, ੩੫)

ਪਰ ਗੱਲ ਇਹ ਹੈ ਕਿ 'ਵਖਰੁ ਨਾਮੁ ਦੇਖਣ ਕੋਈ ਜਾਇ ॥' (ਮ: ੧, ੬੬੧) ਅਤੇ 'ਬਿਨੁ ਗੁਰ ਗੁਣ ਨ ਜਾਪਨੀ, ਬਿਨ ਗੁਣ ਭਗਤਿ ਨ ਹੋਇ'—ਕੋਈ ਵਿਰਲਾ ਹੀ ਨਾਮ-ਭਗਤੀ ਵਿਚ ਲਗਦਾ ਹੈ। ਗੁਰੂ ਬਿਨਾਂ ਭਗਤੀ ਪ੍ਰਾਪਤ ਨਹੀਂ ਹੁੰਦੀ, ਗੁਰੂ ਬਿਨਾਂ

ਸਦਾਚਾਰ ਪ੍ਰਾਪਤ ਨਹੀਂ ਹੁੰਦਾ ।

ਪਰ ਗੁਰੂ ਸਾਹਿਬਾਨ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਨਾਮ ਦੁਆਰਾ ਜੀਵ ਕਿਤਨਾ ਉੱਚਾ ਚੜ੍ਹ ਜਾਂਦਾ ਹੈ । ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਹੀ ਇਸ ਬਾਰੇ ਬਹੁਤ ਕੁਝ ਦਸਦੀ ਹੈ—

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ।
ਪ੍ਰਭ ਕੈ ਸਿਮਰਨਿ ਦੁਖੁ ਨਾ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥
ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
ਪ੍ਰਭ ਕੈ ਸਿਮਰਨ ਹੋਇ ਸੁ ਭਲਾ ॥
ਪ੍ਰਭ ਕੈ ਸਿਮਰਨਿ ਸੁਫਲ ਫਲਾ ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ।
ਨਾਨਕ ਤਾਕੈ ਲਾਗਉ ਪਾਏ ॥ ੩ ॥
ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥
ਨਾਨਕ ਜਨ ਕੀ ਮੰਗੈ ਰਵਾਲਾ ॥੫॥

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥
ਪ੍ਰਭ ਕੋ ਸਿਮਰਹਿ ਸੇ ਮੁਖ ਸੁਹਾਵੇ ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥
ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥
ਪ੍ਰਭ ਕੈ ਸਿਮਰਨਿ ਹਰਿਗੁਨ ਬਾਨੀ ॥
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥
ਨਾਨਕ ਤਿਨ ਜਨ ਸਰਨੀ ਪਇਆ ॥ ੭ ॥

ਅੱਗੇ ਦੱਸਿਆ ਹੈ ਕਿ ਸਿਮਰਨ ਦੁਆਰਾ ਹੀ ਜੀਵ ਇਹਨਾਂ ਦਰਜਿਆਂ ਤੇ ਪੁੱਜੇ ਹਨ :

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥

ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
ਹਰਿ ਸਿਮਰਨਿ ਧਾਰੀ ਸਭ ਧਰਨਾ ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥

ਨਾਮ ਸਿਮਰਨ ਹੀ ਨਾਮ ਭਗਤੀ ਦਾ ਸਰੇਸ਼ਟ ਰੂਪ ਮੰਨਿਆ ਹੈ। ਸਿਮਰਨ ਕਰਦੇ ਕਰਦੇ ਮਨੁੱਖ ਭਗਤ ਬਣੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਤਨੇ ਭਗਤਾਂ ਦੀ ਬਾਣੀ ਆਈ ਹੈ, ਇਹ ਪ੍ਰਮਾਣੀਕ ਭਗਤ ਹਨ, ਭਗਤ ਦੇ ਤੌਰ ਤੇ ਪਰਵਾਨ ਕੀਤੇ ਗਏ ਹਨ। ਪਰ ਇਹ ਕਿਸੇ ਪਾਠਸ਼ਾਲਾ ਦੇ ਪੜ੍ਹੇ ਹੋਏ ਨਹੀਂ ਸਨ, ਨਾ ਹੀ ਕੋਈ ਪਾਠਸ਼ਾਲਾ ਜਾਂ ਵਿਸ਼ਵ ਵਿਦਿਆਲੇ ਦਾ ਪੜ੍ਹਿਆ ਬਾਣੀ ਗਾ ਸਕਦਾ ਹੈ। ਕੇਵਲ ਨਾਮ ਭਗਤੀ ਦੁਆਰਾ ਇਹਨਾਂ ਭਗਤਾਂ ਵਿਚ ਬੇਦ-ਰਚਣ ਦੀ ਸ਼ਕਤੀ, ਬਾਣੀ ਉਚਾਰਨ ਦੀ ਸ਼ਕਤੀ ਪੈਦਾ ਹੋਈ। ਨਾਮ-ਭਗਤੀ ਦੁਆਰਾ ਹੀ ਰਵਿਦਾਸ ਵਰਗੇ ਜੀਵ ਮਹਾਨ ਕਲਾਕਾਰ, ਸਾਹਿਤਕਾਰ, ਬੇਦ ਰਚਣ ਵਾਲੇ ਬਣ ਗਏ। ਇਹ ਪਰਤੱਖ ਹੈ। ਨਾਮ ਭਗਤੀ ਦੁਆਰਾ ਹੀ ਜੀਵ ਸਿਧ ਜਤੀ ਬਣੇ ਅਤੇ ਪ੍ਰਸਿੱਧ ਹੋਏ। ਨਾਮ-ਭਗਤੀ ਕਰਨ ਵਾਲੇ ਤੁੱਛ ਤੇ ਮਾਮੂਲੀ ਜੀਵ 'ਚਹੁ ਕੁੰਟ ਜਾਤੇ' ਗਏ। ਇਹ ਮਾਮੂਲੀ ਜੀਵ ਨਾਮ ਭਗਤੀ ਦੁਆਰਾ ਇਸੇ ਲਈ ਚਹੁ-ਕੁੰਟ ਜਾਤੇ ਗਏ ਕਿਉਂਕਿ ਨਾਮ ਭਗਤੀ ਨੇ ਇਹਨਾਂ ਵਿਚ ਇਸੇ ਪਹਿਲੀ ਅਸ਼ਟਪਦੀ ਵਿਚ ਉਪਰ ਦੱਸੇ ਸਾਰੇ ਗੁਣ ਪੈਦਾ ਕੀਤੇ। ਗੁਣਾ ਕਰਕੇ, ਉੱਚੀ ਸ਼ਖ਼ਸੀਅਤ ਕਰਕੇ ਇਹ ਸਾਰੇ ਪਾਸੇ ਜਾਤੇ ਗਏ, ਇਹ ਪਰਧਾਨ ਤੇ ਪਰਵਾਨ ਹੋ ਗਏ, ਇਹਨਾਂ ਦੀ ਬਾਣੀ ਵਿਚ ਅਥਾਹ ਬਲ ਪੈਦਾ ਹੋਇਆ। ਇਹ ਲੋਕ ਕਿਤਨੇ ਮਹਾਨ ਹੋ ਗਏ। ਇਹ ਤਾਂ ਪਰਤੱਖ ਹੀ ਹੈ।

ਸੋ ਨਾਮ ਮਨੁੱਖੀ ਸ਼ਖ਼ਸੀਅਤ ਵਿਚ ਮਹਾਨ ਸਦਾਚਾਰਕ, ਆਤਮਕ ਗੁਣ ਪੈਦਾ ਕਰਦਾ ਹੈ। ਇਹੋ ਨਾਮ ਭਗਤੀ ਦੀ ਮਹਾਨਤਾ ਹੈ।

੫.

ਇਸ ਪੁਸਤਕ ਵਿਚ ਨਾਮ ਦੇ ਇਸ ਪੱਖ ਨੂੰ ਸਿੱਧ ਕਰਨ ਦਾ ਯਤਨ ਹੈ ਕਿ ਨਾਮ-ਭਗਤੀ ਮਨੁੱਖ ਵਿਚ ਸਦਾਚਾਰਕ ਗੁਣ ਉਤਪੰਨ ਕਰਦੀ ਹੈ। ਜਾਂ ਨਾਮ-ਭਗਤੀ ਵਾਲੇ ਮਨੁੱਖ ਦੇ ਨਾਮ-ਭਗਤ ਹੋਣ ਦਾ ਸਬੂਤ ਹੀ ਇਹ ਹੈ ਕਿ ਉਸ ਵਿਚ ਮਹਾਨ ਸਦਾਚਾਰਕ ਗੁਣ ਪੈਦਾ ਹੋ ਜਾਣ। ਨਹੀਂ ਤਾਂ ਭਗਤੀ ਵਿਚ ਕਸਰ ਹੈ। ਨਾਮ-ਭਗਤੀ ਦੀ ਸਫ਼ਲਤਾ ਦਾ ਪ੍ਰਮਾਣ ਉੱਚੀ ਸ਼ਖ਼ਸੀਅਤ ਦਾ ਇਕ ਪੱਖ, ਅਤੇ ਮਹਾਨ ਪੱਖ, ਸਦਾਚਾਰਕ ਹੀ ਹੈ ਸਫ਼ਲ ਨਾਮ ਭਗਤੀ ਦਾ ਪ੍ਰਮਾਣ ਸਦਾਚਾਰਕ ਸ਼ਖ਼ਸੀਅਤ ਹੈ।

ਨਾਮ ਦੇ ਇਸ ਪੱਖ ਨੂੰ ਉਜਾਗਰ ਕਰਨ ਵਾਸਤੇ ਇਸ ਪੁਸਤਕ ਵਿਚ ਇਕ ਵਿਸ਼ੇਸ਼ ਤਜਰਬਾ ਕੀਤਾ ਹੈ, ਇਕ ਨਵੀਂ ਵਿਉਂਤ ਅਨੁਸਾਰ।

ਇਸ ਪੁਸਤਕ ਵਿਚ ਕੇਵਲ ਤੁਕਾਂ ਜਾਂ ਪਰਮਾਣ ਲੈ ਕੇ ਕਿਸੇ ਨਤੀਜੇ ਨੂੰ ਸਿੱਧ ਕਰਨ ਦਾ ਯਤਨ ਨਹੀਂ ਕੀਤਾ ਗਿਆ ਸਗੋਂ ਸਮੁੱਚੇ ਸ਼ਬਦ ਲੈ ਕੇ ਨਾਮ ਦੀ ਵਿਆਖਿਆ ਕੀਤੀ ਹੈ ਅਤੇ ਨਤੀਜਾ ਆਪਣੇ ਆਪ ਹਰ ਸ਼ਬਦ ਵਿਚੋਂ ਇਹ ਨਿਕਲਿਆ ਹੈ ਕਿ ਨਾਮ-

ਭਗਤੀ ਦਾ ਪਰਮੁਖ ਰੂਪ ਸਦਾਚਾਰਕ ਸ਼ਖ਼ਸੀਅਤ ਨੂੰ ਪੈਦਾ ਕਰਨਾ ਹੈ। ਇਕ ਦੋ ਤੁਕਾਂ ਜਾਂ ਪਰਮਾਣ ਲੈ ਕੇ ਕੋਈ ਨਤੀਜਾ ਕੱਢਣਾ ਇਤਨਾ ਵਿਗਿਆਨਕ ਢੰਗ ਨਹੀਂ ਪਰ ਸਮੁੱਚੇ ਸ਼ਬਦ ਜਾਂ ਰਚਨਾ ਨੂੰ ਸਾਹਮਣੇ ਰੱਖ ਕੇ ਨਤੀਜਾ ਕਢਣਾ ਯੋਗ ਵੀ ਹੈ ਅਤੇ ਵਿਗਿਆਨਕ ਢੰਗ ਵੀ। ਫਿਰ ਇਕ ਨਤੀਜੇ ਦੀ ਪ੍ਰੋੜ੍ਹਤਾ ਲਈ ਕੇਵਲ ਇਕੋ ਗੁਰ-ਵਿਅਕਤੀ ਦੇ ਸ਼ਬਦ ਨਹੀਂ ਲਏ ਗਏ ਸਗੋਂ ਸਾਰੇ ਗੁਰੂ ਸਾਹਿਬਾਨ ਦੇ ਸ਼ਬਦ ਲਏ ਗਏ ਹਨ। ਹਰ ਗੁਰੂ ਸਾਹਿਬ ਦੇ ਸ਼ਬਦ ਵੀ ਇਕੋ ਰਾਗ ਵਿਚੋਂ ਨਹੀਂ ਲਏ ਗਏ, ਵੱਖੋ ਵੱਖ ਰਾਗਾਂ ਵਿਚੋਂ ਵੱਖੋ ਵੱਖ ਗੁਰੂ ਸਾਹਿਬ ਦੇ ਸ਼ਬਦ ਲਏ ਹਨ। ਫਿਰ ਇਕ ਗੁਰੂ ਸਾਹਿਬ ਦੇ ਇਕੋ ਰਾਗ ਵਿਚ ਸ਼ਬਦ ਲੈਂਦਿਆ ਵੀ ਕੋਈ ਚੋਣ ਨਹੀਂ ਕੀਤੀ, ਸਗੋਂ ਲਗਾਤਾਰ ਸਿਲਸਿਲੇਵਾਰ ਸ਼ਬਦ ਲੈ ਲਏ ਹਨ। ਤੇ ਫਿਰ ਵੀ ਜੇ ਸਾਰੇ ਸ਼ਬਦ ਇਕੋ ਨਤੀਜੇ ਤੇ ਪੁਜਾ ਸਕੇ ਹਨ ਤਾਂ ਉਹ ਨਤੀਜਾ ਠੀਕ ਹੈ। ਹਰ ਹਾਲਤ ਵਿਚ ਨਤੀਜਾ ਇਹੋ ਰਿਹਾ ਹੈ ਕਿ ਨਾਮ-ਭਗਤੀ ਦੁਆਰਾ ਮਨੁੱਖੀ ਸਦਾਚਾਰ ਦਾ ਪੱਖ ਉੱਚਾ ਹੁੰਦਾ ਹੈ। ਨਾਮ-ਭਗਤੀ ਦੇ ਫਲੀਭੂਤ ਹੋਣ ਦਾ ਸਬੂਤ ਸਦਾਚਾਰਕ ਸ਼ਖ਼ਸੀਅਤ ਦੀ ਉਤਪਤੀ ਹੀ ਹੈ। ਨਾਮ ਭਗਤੀ ਦੁਆਰਾ ਜੋ ਗਿਆਨ ਜਾਂ ਆਤਮਕ ਪੱਖ ਉਸਰਦੇ ਹਨ, ਉਹਨਾਂ ਦਾ ਵੀ ਆਖ਼ਰੀ ਸਬੂਤ ਮਨੁੱਖੀ ਵਤੀਰੇ ਵਿਚ ਹੀ ਮਿਲਦਾ ਹੈ ਅਤੇ ਉਹ ਵਤੀਰਾ ਜਿਤਨਾ ਸਦਾਚਾਰਕ ਹੈ, ਉਤਨਾ ਹੀ ਸਹੀ ਹੈ।

ਇਸ ਵਿਉਂਤ ਦਾ ਰੂਪ ਹੋਰ ਸਪਸ਼ਟ ਕਰਦੇ ਹਾਂ। ਨਾਮ-ਭਗਤੀ ਦੇ ਅੰਤਮ ਨਤੀਜੇ—ਸਦਾਚਾਰਕ ਉੱਨਤੀ—ਨੂੰ ਸਿੱਧ ਨਹੀਂ ਕੀਤਾ ਗਿਆ, ਸਗੋਂ ਇਹ ਨਤੀਜਾ ਭਿੰਨ ਭਿੰਨ ਸ਼ਬਦਾਂ ਵਿਚੋਂ ਆਪਣ ਆਪ ਨਿਕਲਿਆ ਹੈ। ਉਦਾਹਰਣ ਵਜੋਂ ਦੇਖੋ ਕਿ ਇਸ ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਰਾਮਕਲੀ ਰਾਗ ਵਿਚੋਂ ਲਏ ਹਨ ਅਤੇ ਲਗਾਤਾਰ ਕ੍ਰਮਵਾਰ ਲਏ ਗਏ ਹਨ ਜਿਵੇਂ ਕਿ ਸ਼ਬਦ ਇਸ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹਨ। ਰਾਮਕਲੀ ਮਹਲਾ ੧ ਦੇ ਪਹਿਲੇ ਤੋਂ ਦਸਵੇਂ ਤੀਕ ਦੇ ਕ੍ਰਮਵਾਰ ਸ਼ਬਦ ਲਏ ਹਨ ਅਤੇ ਉਹਨਾਂ ਦੀ ਵਿਆਖਿਆ ਵਿਚੋਂ ਸਿੱਧ ਹੋਇਆ ਹੈ ਕਿ ਨਾਮ-ਭਗਤੀ ਦਾ ਅੰਤਮ ਪ੍ਰੀਣਾਮ ਸਦਾਚਾਰਕ ਸ਼ਖ਼ਸੀਅਤ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਸ਼ਬਦ 'ਗਉੜੀ ਗੁਆਰੇਰੀ' ਵਿਚੋਂ ਨੰਬਰ ੨੩ ਤੋਂ ੨੭ ਤੀਕ ਲਏ ਹਨ ਅਤੇ ਵਿਆਖਿਆ ਵਿਚੋਂ ਸਿੱਟਾ ਇਹੋ ਨਿਕਲਿਆ ਹੈ ਕਿ ਨਾਮ-ਭਗਤੀ ਮਨੁੱਖੀ ਸਦਾਚਾਰ ਨੂੰ ਉਸਾਰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਰਾਗ 'ਦੇਵ ਗੰਧਾਰੀ' ਦੇ ਪਹਿਲੇ ਪੰਜ ਸ਼ਬਦ ਲਏ ਹਨ ਅਤੇ ਸਿੱਟਾ ਉਹ ਹੀ ਨਿਕਲਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ 'ਰਾਗ ਆਸਾ' ਵਿਚੋਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 'ਰਾਗ ਸੋਰਠਿ' ਵਿਚੋਂ ਲਏ ਹਨ।

ਨਾਮ-ਸਿਮਰਨ ਜਾਂ ਭਗਤੀ ਦਾ ਅੰਤਮ ਪ੍ਰੀਣਾਮ ਸੰਸਾਰ ਵਿਚ ਹੋਰ ਜੀਵਾਂ ਨਾਲ ਸੁਚੱਜੀ ਸਦਾਚਾਰਕ ਵਰਤੋਂ ਹੋਣਾ ਚਾਹੀਦਾ ਹੈ। ਨਾਮ-ਭਗਤੀ ਦੁਆਰਾ ਆਤਮਕ ਅਵਸਥਾ ਉੱਚੀ ਹੁੰਦੀ ਹੈ ਅਤੇ ਵਾਹਿਗੁਰੂ ਨੂੰ ਸਰਬ-ਵਿਆਪੀ ਅਨੁਭਵ ਕਰਦੀ ਹੈ ਅਤੇ ਸੱਚ-ਮੰਡਲ ਵਿਚ ਜੀਂਦੀ ਹੈ—ਪਰ ਸੰਸਾਰ ਵਿਚ ਵਿਚਰਦਿਆਂ, ਆਤਮਕ ਉੱਚਤਾ ਦਾ ਪ੍ਰਮਾਣ ਵੀ ਹੋਰ ਲੋਕਾਂ ਨਾਲ ਵਤੀਰਾ ਹੀ ਹੈ। ਜੇ ਇਹ ਵਤੀਰਾ ਸਦਾਚਾਰਕ ਹੈ, ਸਰੇਸ਼ਟ ਹੈ, ਤਾਂ ਤੇ ਭਗਤੀ ਸਫ਼ਲ ਹੈ, ਨਹੀਂ ਤੇ ਅਸਫ਼ਲ। ਭਗਤ ਦੀ ਪਰਖ ਉਸ ਦੇ ਹੋਰਾਂ

ਨਾਲ ਵਤੀਰੇ ਵਿਚੋਂ ਹੁੰਦੀ ਹੈ, ਨਾ ਕਿ ਉਸ ਦੀ ਆਪਣੀ ਮਾਨਸਕ, ਆਤਮਕ ਮੌਜ ਵਿਚੋਂ ਜਾਂ ਮਸਤੀ, ਤਿਆਗ ਜਾਂ ਅਲਬੇਲੇਪਨ ਵਿਚੋਂ।

ਸਦਾਚਾਰ ਨੂੰ ਕਈ ਸੂਫ਼ੀ ਰੰਗ ਦੇ ਲੋਕ ਤੁੱਛ ਅਤੇ ਮਾਮੂਲੀ ਸਮਝਦੇ ਹਨ, ਆਮ ਸੰਸਾਰਕ ਰਹਿਣੀ ਬਹਿਣੀ ਨੂੰ ਆਤਮਕ ਮੰਡਲਾਂ ਦੇ ਵਾਸੀ ਲਈ ਕੋਈ ਮਹਾਨਤਾ ਨਹੀਂ ਦਿੰਦੇ। ਪਰ ਇਹ ਗੱਲ ਠੀਕ ਨਹੀਂ, ਸਦਾਚਾਰ ਪਹਿਲੀ ਚੀਜ਼ ਹੈ ਪਰ ਇਹ ਅੰਤ ਤੀਕ ਹੀ ਨਿਭਾਣਾ ਪੈਂਦਾ ਹੈ; ਭਾਵੇਂ ਕੋਈ ਕਿਤਨਾ ਹੀ ਆਤਮਕ ਮੰਡਲਾਂ ਵਿਚ ਉੱਚਾ ਉਠ ਜਾਵੇ।

ਸ੍ਰੀ ਗੁਰ ਗ੍ਰੰਥ ਸਾਹਿਬ ਦੇ ਹਰ ਸ਼ਬਦ ਵਿਚ ਕੋਈ ਨਾ ਕੋਈ ਨਾਮ ਦੀ ਸਦਾਚਾਰਕ ਵਿਆਖਿਆ ਹੈ। ਨਾਮ ਵਾਲੇ ਜੀਵ ਵਿਚ ਸਤ, ਸੰਤੋਖ, ਦਯਾ, ਧਰਮ, ਸੁੱਚ, ਸੱਚ, ਸੰਜਮ ਆਦਿ ਉਤਪੰਨ ਹੁੰਦੇ ਹਨ, ਐਗੁਣਾਂ ਤੋਂ ਬਚਦਾ ਹੈ।

ਇਸ ਪੁਸਤਕ ਵਿਚ ਹਰ ਸ਼ਬਦ ਦੇ ਹੋਰ ਪੱਖ ਵੀ ਦਰਸਾਏ ਹਨ, ਪਰ ਨਾਮ ਦੇ ਇਸੇ ਪੱਖ ਤੇ ਵੱਧ ਜ਼ੋਰ ਹੈ ਕਿ ਨਾਮ ਭਗਤੀ ਸਦਾਚਾਰਕ ਸ਼ਖ਼ਸੀਅਤ ਦੀ ਉਤਪਤੀ ਕਰਦੀ ਹੈ, ਸਾਰੇ ਸ਼ਬਦਾਂ ਵਿਚੋਂ ਪਹਿਲਾ ਨਤੀਜਾ ਇਹੋ ਕਢਿਆ ਹੈ।

੬.

ਪਰ ਸਿਮਰਨ ਜਾਂ ਨਾਮ-ਭਗਤੀ ਹੈ ਕੀ? ਅਕਾਲ ਪੁਰਖ ਦੇ ਕਿਸੇ ਨਾਮ ਦਾ ਰਸਨਾ ਨਾਲ ਰਟਨ ਜਾਂ ਸਿਮਰਨ ਭਗਤੀ ਦੀ ਪਹਿਲੀ ਮਹਾਨ ਪਉੜੀ ਹੈ। ਸਿੱਖਾਂ ਵਿਚ ਵਿਸ਼ੇਸ਼ ਨਾਮ ਰਟਨ ਸਿਮਰਨ ਲਈ 'ਵਾਹਿਗੁਰੂ' ਹੈ। 'ਵਾਹਿਗੁਰੂ' ਹੋਰ ਸਾਰੇ ਸੀਮਤ ਨਾਮਾਂ ਨਾਲੋਂ ਵਿਸ਼ਾਲ, ਤੇ ਇਸੇ ਲਈ ਸਰੇਸ਼ਟ ਹੈ। ਹਰੀ, ਹਰਿ, ਰਾਮ, ਮੁਰਾਰਿ ਆਦਿ ਦੇ ਸੀਮਤ ਅਰਥ ਹਨ ਅਤੇ ਉਹ ਅਕਾਲ ਪੁਰਖ ਦੇ ਕਿਸੇ ਇਕ ਪੱਖ ਨੂੰ ਪ੍ਰਗਟ ਕਰਦੇ ਹਨ ਅਤੇ ਕੋਈ ਸਰਬਾਂਗੀ ਵਿਸਮਾਦ ਨਹੀਂ ਪੈਦਾ ਕਰਦੇ। ਪਰ 'ਵਾਹਿਗੁਰੂ' ਕਿਸੇ ਤਰ੍ਹਾਂ ਵੀ ਸੀਮਤ ਨਹੀਂ ਹੈ। 'ਵਾਹਿਗੁਰੂ' ਵਿਚ ਭਾਵਨਾ ਇਹ ਜਾਪਦੀ ਹੈ ਕਿ 'ਉਸ ਸ਼ਕਤੀ ਦਾ ਗਿਆਨ ਵਿਸਮਾਦ ਉਤਪੰਨ ਕਰਦਾ ਹੈ।' 'ਵਾਹਿਗੁਰੂ' ਸਰਬ ਸਰੇਸ਼ਟ ਅਤੇ ਸਰਵੋਤਮ ਨਾਮ ਹੈ।

ਰਸਨਾ ਨਾਲ ਨਾਮ ਰਟਨਾ ਅਤਿਅੰਤ ਜ਼ਰੂਰੀ, ਬੁਨਿਆਦੀ ਅਤੇ ਸਰੇਸ਼ਟ ਸਿਮਰਨ ਦਾ ਤਰੀਕਾ ਹੈ। 'ਰਟਨ' ਜਾਂ 'ਦੁਹਰਾ' ਨਾਲ ਹੀ ਸਾਰੀ ਸ਼ਕਤੀ ਦਾ ਸੰਬੰਧ ਹੈ, ਬੱਚੇ ਵਿਚ ਰਟਨ ਦੁਆਰਾ ਲਿਪੀ ਦੇ ਲਿਖਣ, ਉਚਾਰਣ ਦੀ ਮਹਾਨਤਾ ਪੈਦਾ ਹੁੰਦੀ ਹੈ, ਪਹਾੜਿਆਂ ਤੇ ਹਿੰਦਸਿਆਂ ਦੇ ਦੁਹਰਾ ਨਾਲ ਹੀ ਬੱਚੇ ਵਿਚ ਸ਼ਕਤੀ ਪੈਦਾ ਹੁੰਦੀ ਹੈ। ਮੋਟਰ ਦਾ ਪਹੀਆ ਇਹੋ ਹਰਕਤ ਮੁੜ ਮੁੜ ਕਰੀ ਜਾ ਰਿਹਾ ਹੈ ਅਤੇ ਸੈਂਕੜੇ ਹਜ਼ਾਰਾਂ ਮੀਲਾਂ ਦਾ ਪੈਂਡਾ ਹੋ ਜਾਂਦਾ ਹੈ। ਇਕੋ ਥਾਂ ਖੜ੍ਹਾ ਪਰ ਚੱਕਰ ਲਾਉਂਦਾ ਪੁਰਜ਼ਾ ਕਿਤਨੀ ਤਾਕਤ ਪੈਦਾ ਕਰ ਲੈਂਦਾ ਹੈ ਅਤੇ ਕਿੰਨਾ ਕੁਝ ਬਣਾ ਦਿੰਦਾ ਹੈ। ਸਾਰਾ ਪੈਂਡਾ ਕਦਮ ਕਦਮ ਕਰਕੇ ਮੁਕਦਾ ਹੈ—ਹਰ ਕਦਮ ਇਕੋ ਹਰਕਤ ਦਾ ਦੁਹਰਾ ਹੈ। ਸੋ ਰਸਨਾ ਨਾਲ ਰਟਨ ਵੀ ਅਤਿਅੰਤ ਸ਼ਕਤੀਵਾਨ ਸਿੱਧ ਹੁੰਦਾ ਹੈ। ਅਤੇ ਜਿਸ ਦੇ ਨਾਮ ਦਾ ਰਟਨ ਕੀਤਾ ਜਾ ਰਿਹਾ ਹੈ, ਉਸ ਨੂੰ ਭਗਤ ਦੇ ਹਿਰਦੇ ਵਿਚੋਂ ਪ੍ਰਗਟ ਹੋਣਾ ਪੈਂਦਾ ਹੈ, ਭਗਤ ਆਪ ਜੈਸਾ

ਸੇਵੈ ਤੈਸਾ ਹੋ ਜਾਂਦਾ ਹੈ। ਦ੍ਵੈ ਤੇ ਏਕ ਰੂਪ ਹੋ ਜਾਂਦਾ ਹੈ। ਰਸਨਾ ਨਾਲ ਚੇਤੰਨ ਹੋ ਕੇ ਕੀਤਾ ਰਟਨ ਹੋਰ ਸ਼ਕਤੀਵਾਨ ਸਿੱਧ ਹੁੰਦਾ ਹੈ, ਧਿਆਨ ਜਮਾ ਕੇ ਕੀਤਾ ਰਟਨ ਹੋਰ ਤਾਕਤਵਾਰ ਹੋ ਨਿਬੜਦਾ ਹੈ। ਜਪ, ਸਿਮਰਨ, ਧਿਆਵਨ, ਸੇਵਨ ਵਿਚ ਰਟਨ ਸਦਾ ਕਾਇਮ ਰਹਿੰਦਾ ਹੈ। ਨਾਮ-ਰਟਨ ਦੁਆਰਾ ਹੀ ਸਾਰੀ ਆਤਮਕ, ਮਾਨਸਕੀ, ਬੌਧਿਕ ਤੇ ਸਦਾਚਾਰਕ ਉੱਨਤੀ ਸੰਭਵ ਹੈ। 'ਜਪ' ਰਸਨਾ ਨਾਲ ਮੁੜ ਮੁੜ ਕਹਿਣਾ ਹੈ। ਸਿਮਰਨ, ਬੁੱਧੀ-ਚਿਤ ਵਿਚ ਯਾਦ ਰਹਿਣਾ ਹੈ ਕਿ ਮੈ ਹਰ ਕਰਤੱਵ ਅਕਾਲ ਪੁਰਖ ਨੂੰ ਸਾਹਮਣੇ ਸਮਝ ਕੇ ਕਰਨਾ ਹੈ। 'ਧਿਆਵਨ' ਵਿਚ ਉਸ ਆਦਰਸ਼ਕ ਦੀ ਲਗਨ ਰਹਿਣੀ ਹੈ ਜਿਸ ਨੂੰ ਅਕਾਲ ਪੁਰਖ ਕਹਿੰਦੇ ਹਨ। ਸੇਵਨ ਵਿਚ ਸਾਰੀ ਮਨੁੱਖਤਾ ਨੂੰ ਉਸ ਦਾ ਰੂਪ ਜਾਣ ਕੇ, ਉਸ ਦੀ ਸੇਵਾ ਕਰਨਾ ਹੈ। ਇਹ ਸਾਰੇ ਸ਼ਬਦ ਇਕ ਯਤਨ ਦੇ ਵੱਖੋ ਵੱਖ ਪੜਾਅ ਹਨ, ਪਰ ਰਸਨਾ ਨਾਲ ਨਾਮ ਰਟਨ ਭਗਤੀ ਵਿਚ ਬੁਨਿਆਦ ਹੈ। 'ਵਾਹਿਗੁਰੂ' ਨਾਮ ਦਾ 'ਜਪ' ਹੀ ਭਗਤੀ ਦਾ ਜ਼ਰੂਰੀ ਅੰਗ ਹੈ। ਇਸੇ ਤਰੀਕੇ ਨਾਲ 'ਨਿਧਾਨੁ' ਪ੍ਰਾਪਤ ਹੁੰਦਾ ਹੈ, ਸਦਾਚਾਰ ਦਾ ਖ਼ਜ਼ਾਨਾ।

੭.

ਗੁਰਮਤਿ ਭਗਤੀ-ਮਾਰਗ ਦੀ ਧਾਰਨੀ ਹੈ। ਭਗਤੀ ਦਾ ਪਰਮੁਖ ਰੂਪ ਨਾਮ-ਭਗਤੀ ਜਾਂ ਸਿਮਰਨ ਹੈ। ਪਰ ਇਸ ਰੂਪ ਦੀ ਭਗਤੀ ਨਾਲ ਹੀ ਅਨੇਕ ਹੋਰ ਭਗਤੀ ਦੇ ਰੂਪ ਵੀ ਪਰਫੁਲਤ ਹੋ ਜਾਂਦੇ ਹਨ। ਭਗਤੀ ਦਾ ਭਾਵ ਪ੍ਰੇਮ ਹੈ। ਨਾਮ-ਭਗਤੀ ਦੇ ਨਾਲ ਹੀ ਗੁਰੂ-ਭਗਤੀ, ਦੇਸ਼-ਭਗਤੀ, ਪਰਉਪਕਾਰ-ਭਗਤੀ, ਰਹਿਤ ਭਗਤੀ—ਸਭ ਉਪਜਦੇ ਹਨ ਜਾਂ ਇਹਨਾਂ ਦੀ ਸਹਾਇਤਾ ਨਾਲ ਕਿਸੇ ਵਿਚ ਨਾਮ-ਭਗਤੀ ਪਰਪੱਕ ਹੁੰਦੀ ਹੈ। ਗੁਰੂ-ਭਗਤੀ ਭਗਤੀ ਦੇ ਉਪਰ ਦੱਸੇ ਹੋਰ ਰੂਪਾਂ ਨਾਲੋਂ ਸਰੇਸ਼ਟ ਹੈ। ਗੁਰੂ ਪਾਸੋਂ ਹੀ ਨਾਮ ਮਿਲਦਾ ਹੈ ਅਤੇ ਇਸ ਲਈ ਗੁਰੂ ਹੀ ਨਾਮ-ਭਗਤੀ ਕਿਸੇ ਵਿਚ ਉਤਪੰਨ ਕਰਦਾ ਹੈ। ਗੁਰੂ ਦੀ ਭਗਤੀ ਬਾਣੀ ਦੇ ਵਿਚਾਰ ਨਾਲ ਹੁੰਦੀ ਹੈ, ਗੁਰੂ ਦੀ ਦੱਸੀ ਰਹਿਣੀ ਬਹਿਣੀ ਧਾਰਨ ਨਾਲ ਹੁੰਦੀ ਖ਼ਾਲਸਈ ਕੱਕਾਰਾਂ ਨੂੰ ਧਾਰਨ ਕਰਨਾ ਵੀ ਗੁਰ-ਭਗਤੀ ਹੈ। ਸ਼ਬਦ, ਖ਼ਾਲਸੇ, ਸੰਗਤ ਦਾ ਪ੍ਰੇਮ ਵੀ ਗੁਰ-ਭਗਤੀ ਹੈ। ਦੇਸ਼-ਭਗਤੀ ਖ਼ਾਲਸੇ ਵਾਸਤੇ ਕੋਈ ਓਪਰੀ ਚੀਜ਼ ਨਹੀਂ ਹੈ। ਖ਼ਾਲਸਾ ਤਾਂ ਪੈਦਾ ਹੀ ਦੇਸ਼-ਰਖਿਆ ਲਈ ਹੋਇਆ ਹੈ। ਸਿੱਖ ਸਦਾ ਦੇਸ਼-ਭਗਤ ਹੈ। ਬ੍ਰਹਮ ਗਿਆਨੀ ਦੇ ਪਰਉਪਕਾਰ ਉਮਾਹ ਵਾਲਾ ਹੁੰਦਾ ਹੈ। ਸਿੱਖ ਬ੍ਰਹਮ ਗਿਆਨੀ ਹੈ ਜੋ ਸਿਮਰਨ-ਭਗਤੀ ਦੁਆਰਾ ਬ੍ਰਹਮ ਗਿਆਨ ਤੀਕ ਪੁੱਜਦਾ ਹੈ, ਭਗਤੀ ਨਾਲ ਹੀ ਗਿਆਨ ਮਿਲਦਾ ਹੈ, ਇਸ ਲਈ ਭਗਤ ਗਿਆਨੀ ਹੈ। ਗਿਆਨੀ ਭੈ-ਰਹਿਤ ਹੈ। ਨਾਮ ਹੀ ਭੈ ਨਾਸਨ ਅਤੇ ਦੁਰਮਤਿ ਹਰਨ ਹੈ। ਸੋ ਭਗਤੀ ਵਿਚ ਗਿਆਨ ਤੇ ਕਰਮ ਸਮਿਲਤ ਹਨ, ਸੇਵਾ ਕਰਮ ਹੈ, ਸੇਵਾ ਗਿਆਨੀ ਹੀ ਕਰ ਸਕਦਾ ਹੈ। ਸੇਵਾ ਸਦਾਚਾਰ ਵਿਚ ਪਰਪੱਕ ਜੀਵ ਹੀ ਕਰ ਸਕਦਾ ਹੈ: ਜੋ ਸੰਤੋਖੀ ਹੈ, ਸੱਚ ਦਾ ਵਿਸ਼ਵਾਸੀ ਹੈ, ਨੇਕ ਕਮਾਈ ਕਰਨ ਵਾਲਾ ਹੈ, ਆਦਿ।

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

(ਵਾਰ ਆਸਾ ੭)

ਕਿਰਤ ਕਰਨੀ, ਨਾਮ ਜਪਣਾ, ਤੇ ਵੰਡ ਛਕਣਾ—ਇਹ ਤਿੰਨੇ ਕਰਤੱਵ ਇਕਸਾਰ ਨਿਭਾਏ ਜਾਂਦੇ ਹਨ ਤੇ ਤਦ ਨਾਮ-ਭਗਤੀ ਜਾਂ ਭਗਤੀ ਪੂਰਨ ਹੁੰਦੀ ਹੈ।

'ਨਦਰਿ' ਉਸ ਦੀ ਆਪਣੀ ਚੀਜ਼ ਹੈ, ਪਰ ਭਗਤਾਂ ਤੇ ਨਦਰਿ ਸਦਾ ਹੁੰਦੀ ਰਹੀ ਹੈ। ਨਦਰਿ ਨਾਲ ਹੀ ਨਿਹਾਲ ਹੋਣਾ ਹੈ। ਭਗਤੀ ਦੁਆਰਾ ਜੀਵ ਸਾਰੇ 'ਖੰਡਾਂ' ਵਿਚੋਂ ਲੰਘਦਾ ਨਦਰਿ ਦਾ ਪਾਤਰ ਵੀ ਬਣ ਜਾਂਦਾ ਹੈ।

੮.

ਨਾਮ-ਭਗਤੀ ਦੁਆਰਾ ਮਨੁੱਖ ਉੱਚੇ ਸਦਾ ਹੁੰਦੇ ਰਹੇ ਹਨ, ਭਾਵੇਂ ਇਹ ਪਤਾ ਨਾ ਵੀ ਹੋਵੇ ਕਿ ਕਿਉਂ ? ਪਰ ਹੁੰਦੇ ਰਹੇ ਹਨ। ਪ੍ਰੇਮ ਨਾਲ ਹੀ ਕਿਸੇ ਨੂੰ ਛੇਤੀ ਵੱਸ ਕੀਤਾ ਜਾ ਸਕਦਾ ਹੈ। ਨਾਮ-ਭਗਤੀ ਪ੍ਰੇਮ ਦਾ ਮਾਰਗ ਹੈ ਅਤੇ ਅਕਾਲ ਪੁਰਖ ਵੀ ਪ੍ਰੇਮ ਅੱਗੇ ਬੇਵਸ ਹੈ।

'ਭਗਤੀ ਤੇ ਸ਼ਕਤੀ', 'ਬਾਰਹਮਾਹਾ ਦਰਪਣ', 'ਸਹਿਜ ਤੇ ਅਨੰਦ' 'ਨੇਮ ਤੇ ਪ੍ਰੇਮ' ਆਦਿ ਪੁਸਤਕਾਂ ਵਿਚ ਮੈਂ 'ਨਾਮ-ਭਗਤੀ' ਦਾ ਹੀ ਉਲੇਖ ਕਰਨ ਦਾ ਯਤਨ ਕੀਤਾ ਹੈ। ਇਥੇ ਵੀ ਇਹੋ ਉਪਰਾਲਾ ਕੀਤਾ ਹੈ।

੯.

ਇਸ ਪੁਸਤਕ ਵਿਚ ਅੰਕਤ-ਕੀਤੀ ਸ਼ਬਦ ਵਿਚਾਰ 'ਖ਼ਾਲਸਾ ਐਡਵੋਕੇਟ' (ਅੰਮ੍ਰਿਤਸਰ) ਦੇ ਪਰਚਿਆਂ ਵਿਚ ਛਪਦੀ ਰਹੀ ਹੈ। ਮੈਂ 'ਖਾਲਸਾ ਐਡਵੋਕੇਟ' ਦੇ ਪ੍ਰਬੰਧਕਾਂ ਅਤੇ ਐਡੀਟਰ ਸਾਹਿਬ ਦਾ ਧੰਨਵਾਦੀ ਹਾਂ ਜਿਨ੍ਹਾਂ ਦੀ ਆਗਿਆ ਨਾਲ ਇਹ ਲਿਖਤ ਇਥੇ ਪੇਸ਼ ਕੀਤੀ ਜਾ ਰਹੀ ਹੈ। ਪੁਸਤਕ ਭਗਤੀ ਦੇ ਚਾਹਵਾਨਾਂ ਨੂੰ ਸਮਰਪਣ ਹੈ।

ਖ਼ਾਲਸਾ ਕਾਲਜ,
ਅੰਮ੍ਰਿਤਸਰ
੨੯—੩—੬੬

ਤਾਰਨ ਸਿੰਘ

# ਸ੍ਰੀ ਗੁਰੂ ਨਾਨਕ ਦੇਵ ਜੀ

# ਰਾਮਕਲੀ ਮਹਲਾ ੧

# ਰਾਮਕਲੀ ਮਹਲਾ ੧

੧.

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥
ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥
ਅਬਹੀ ਕਬਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥ ੧ ॥
ਨ ਜਾਣਾ ਹਰੇ ਮੇਰੀ ਕਵਨ ਗਤੇ ॥
ਹਮ ਮੂਰਖ ਅਗਿਆਨੀ ਸਰਨਿ ਪ੍ਰਭ ਤੇਰੀ
ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥ ੧ ॥ ਰਹਾਉ ॥
ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥ ੨ ॥
ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥
ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥ ੩ ॥
ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥
ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥ ੪ ॥ ੧ ॥

(੧) ਇਸ ਸ਼ਬਦ ਵਿਚ ਨਾਮ ਕੋਈ ਐਸੀ ਸ਼ੈ ਮੰਨੀ ਹੈ ਜੋ ਸੰਸਾਰ ਵਿਚ ਮਨੁੱਖ ਦੀ ਪਤ ਰੱਖਦੀ ਹੈ—'ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ', ਅੰਤ ਤੀਕ ਸਹਾਈ ਹੁੰਦੀ ਹੈ, 'ਅੰਤੇ ਹੋਇ ਸਖਾਈ' ਅਤੇ ਸੰਬੰਧੀਆਂ ਤੋਂ ਵੱਧ ਭਰੋਸੇ-ਯੋਗ ਸਾਥੀ ਹੈ :

'ਨ ਕਿਸੀ ਕਾ ਮੀਤੁ, ਨ ਕਿਸੀ ਕਾ ਭਾਈ,
ਨਾ ਕਿਸੈ ਬਾਪੁ ਨ ਮਾਈ ॥'

(੨) ਇਹ ਲੋਚਾ ਸਭ ਮਨੁੱਖਾਂ ਵਿਚ ਹੈ ਕਿ ਉਹਨਾਂ ਦੀ ਇੱਜ਼ਤ ਰਹਿ ਆਵੇ ਅਤੇ ਉਹਨਾਂ ਨੂੰ ਐਸਾ ਸਾਥੀ ਮਿਲੇ ਜੋ ਭਰੋਸੇ-ਯੋਗ ਹੋਵੇ ਅਤੇ ਇੱਜ਼ਤ ਰੱਖਣ ਦੇ ਸਮਰਥ ਹੋਵੇ। ਇਸੇ ਲਈ ਲੋਕੀਂ ਅਨੇਕ ਪ੍ਰਕਾਰ ਦੇ ਪਾਠ ਪੂਜਾ ਤੇ ਧਰਮ ਕਰਮ ਕਰਦੇ ਹਨ :

ਕੋਈ ਪੜਤਾ ਸਹਸਾਕਿਰਤਾ, ਕੋਈ ਪੜੈ ਪੁਰਾਨਾ ॥
ਕੋਈ ਨਾਮੁ ਜਪੈ ਜਪਮਾਲੀ, ਲਾਗੈ ਤਿਸੈ ਧਿਆਨਾ ॥

(੩) ਇਹ ਸਾਰੇ ਯਤਨ ਇੱਜ਼ਤ-ਪੱਤ ਲਈ ਹਨ ਜਿਨ੍ਹਾਂ ਨੂੰ ਧਾਰਮਕ ਬੋਲੀ ਵਿਚ (ਇਸ ਸ਼ਬਦ ਵਿਚ) ਗਤੀ ਵੀ ਕਹਿਆ ਹੈ। ਗਤੀ ਦਾ ਭਾਵ ਦਸ਼ਾ ਹੈ :

ਨਾ ਜਾਣਾ ਹਰੇ ਮੇਰੀ ਕਵਨ ਗਤੇ ॥

ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਗਤੀ ਹੋਵੇ। ਗਤੀ ਦਾ ਭਾਵ ਰਫਤਾਰ ਵੀ

ਹੈ। ਉੱਨਤੀ, ਉੱਚਾ ਚੜ੍ਹ ਜਾਣਾ, ਜੀਵਨ ਸਿਖਰ ਜਾਂ ਪੂਰਣਤਾ ਤੀਕ ਪਹੁੰਚਣਾ, ਚੰਗੀ ਗਤੀ ਹੈ। ਇਸ ਗਤੀ ਲਈ ਸਾਰਾ ਸੰਸਾਰ ਕਈ ਉਪਰਾਲੇ ਕਰ ਰਿਹਾ ਹੈ।

(੪) ਗੁਰੂ ਜੀ ਨੇ ਇੱਜ਼ਤ-ਪੱਤ ਲਈ, ਲਾਜ ਰਹਿ ਜਾਣ ਲਈ, ਅੰਤ ਦੀ ਸਹਾਇਤਾ ਲਈ ਅਤੇ ਉੱਚਤਮ ਗਤੀ ਲਈ ਹੋਰ ਸਭ ਸਾਧਨ ਧਰਮ ਕਰਮ ਛੱਡ ਕੇ ਕੇਵਲ ਨਾਮ ਸਾਧਨ ਨੂੰ ਅਪਣਾਇਆ ਹੈ:

ਅਬ ਹੀ ਕਬ ਹੀ ਕਿਛੂ ਨ ਜਾਨਾ, ਤੇਰਾ ਏਕੋ ਨਾਮੁ ਪਛਾਨਾ ॥

ਨਾਮ ਹੀ ਗਤੀ ਲਈ ਭਰੋਸੇ ਯੋਗ ਸਾਧਨ ਹੈ।

(੫) ਨਾਮ ਕੀ ਹੈ? ਇਸ ਸ਼ਬਦ ਵਿਚ ਨਾਮ ਦੀ ਵਿਆਖਿਆ ਇਹ ਦ੍ਰਿੜ੍ਹ ਹੁੰਦੀ ਹੈ:

(ੳ) ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ ॥

ਨਾਮ ਹਿਰਦੇ ਨੂੰ ਅਡੋਲ ਕਰਦਾ ਹੈ। ਹਿਰਦੇ ਨੂੰ ਡੋਲਾਣ ਵਾਲੀ ਵਿਸ਼ੇਸ਼ ਕਮਜ਼ੋਰੀ ਇਥੇ 'ਲੋਭ' ਮੰਨੀ ਹੈ। ਮਾਇਆ ਦੇ ਲੋਭ ਵਿਚ ਹਿਰਦਾ ਡੋਲਦਾ ਹੈ। ਡੋਲਣ ਦਾ ਭਾਵ ਹੈ ਸਚਾਈ, ਨਿਆਂ, ਦਿਆਨਤਦਾਰੀ ਤੋਂ ਡੋਲ ਕੇ ਪਰਾਏ ਹੱਕ, ਮਾਲ, ਧਨ ਨੂੰ ਅਪਨਾਉਣ ਲਈ ਤਤਪਰ ਹੋ ਜਾਣਾ। ਆਚਰਨ ਦੇ ਪੱਧਰ ਤੋਂ ਡੋਲ ਜਾਣਾ। ਡੋਲਣ ਦਾ ਭਾਵ ਇਹ ਵੀ ਹੈ ਕਿ ਆਪਣੀ ਜੀਵਕਾ ਲਈ ਪ੍ਰਭੂ-ਭਰੋਸਾ ਛੱਡ ਬਹਿਣਾ ਅਤੇ ਇਧਰ ਉਧਰ ਪਰਾਈ ਆਸ ਤੇ ਡੋਲਦੇ ਫਿਰਨਾ ਤੇ ਪਰਾਈ ਆਸ ਰਖਣੀ—ਇਹ ਹੈ ਚਾਰੇ ਕੁੰਡਾ ਭਾਲਣਾ। ਥਿਰ ਰਹਿਣ ਦਾ ਭਾਵ ਹੈ ਵਿਸ਼ਵਾਸ ਵਿਚ, ਸਚਾਈ ਵਿਚ ਦ੍ਰਿੜ੍ਹ ਰਹਿਣਾ ਭਾਵੇਂ ਭੁੱਖਾ ਹੀ ਮਰਨਾ ਪਏ। ਡੋਲਣ ਦਾ ਇਕ ਹੋਰ ਭਾਵ ਇਹਨਾਂ ਤੁਕਾਂ ਵਿਚ ਇਹ ਵੀ ਹੈ ਕਿ ਕਦੇ ਰਜਸ ਵਿਚ ਹੋਣਾ, ਕਦੇ ਤਮਸ ਵਿਚ ਭੁੰਜੇ ਲੱਥ ਜਾਣਾ ਤੇ ਕਦੇ ਸਤਸ ਵਿਚ ਉੱਚੇ ਆਦਰਸ਼ਾਂ ਦੇ ਹੂਟੇ ਲੈਣੇ, ਭਾਵ ਸਹਜ ਵਿਚ ਨਾ ਰਹਿ ਸਕਣਾ।

ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ ॥

ਸੋ ਨਾਮ ਨੇ ਮਨੁੱਖ ਨੂੰ ਲੋਭ ਤੋਂ ਉੱਚਾ ਕਰਨਾ ਹੈ, ਨਾਮ ਨੇ ਮਨੁੱਖ ਨੂੰ ਵਿਸ਼ਵਾਸ ਵਿਚ ਦ੍ਰਿੜ੍ਹ ਕਰਨਾ ਹੈ, ਨਾਮ ਨੇ ਮਨੁੱਖ ਨੂੰ ਸਚਾਈ, ਦਿਆਨਤਦਾਰੀ ਤੇ ਹੱਕ-ਪ੍ਰਸਤੀ ਦੀ ਲਗਨ ਦੇਣੀ ਹੈ, ਨਾਮ ਨੇ ਮਨੁੱਖ ਦਾ ਜੀਵਨ ਸਹਜ ਵਿਚ ਸਥਿਰ ਕਰਨਾ ਹੈ। ਇਹ ਸ਼ਖ਼ਸੀਅਤ ਨਾਮ ਸਿਮਰਨ ਦੀ ਕਿਰਤ ਹੈ। ਇਸ ਪ੍ਰਕਾਰ ਦੀ ਸ਼ਖ਼ਸੀਅਤ ਲਈ ਯਤਨ ਨਾਮ ਸਿਮਰਨ ਤੁਲ ਹੈ।

(੬) ਮੌਤ ਜ਼ਰੂਰੀ ਘਟਨਾ ਹੈ। ਪਰ ਇਹ ਸਾਨੂੰ ਵੰਗਾਰ ਭੀ ਹੈ। ਇਸ ਘਟਨਾ ਦੀ ਅਸਲੀਅਤ ਨੂੰ ਪਛਾਨਣ ਵਿਚ ਭਲਾਈ ਹੈ।

ਮਰਣੁ ਲਿਖਾਇ ਮੰਡਲ ਮਹਿ ਆਏ, ਜੀਵਣੁ ਸਾਜਹਿ ਮਾਈ ॥
ਏਕਿ ਚਲੇ, ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥

ਮੌਤ ਅੱਗ ਦੀ ਤਰ੍ਹਾਂ ਵਧਦੀ ਆ ਰਹੀ ਹੈ। ਨਾਮ ਵਾਲਾ ਮਨੁੱਖ ਇਸ ਅਸਲੀਅਤ ਨੂੰ ਪਛਾਣਦਾ ਹੈ ਅਤੇ ਨਾਮ ਵਿਚ ਲਗਦਾ ਹੈ। ਇਹਨਾਂ ਤੁਕਾਂ ਵਿਚ ਵਿਸ਼ੇਸ਼ ਗੱਲ ਨਾਮ

ਦੀ ਇਹੋ ਕਹੀ ਹੈ ਕਿ ਨਾਮ ਵਾਲਾ ਲਾਲਚ ਨਹੀਂ ਕਰਦਾ—ਨਾ ਜੀਣ ਦਾ ਅਤੇ ਨਾ ਹੀ ਪਦਾਰਥਾਂ ਦਾ। ਉਹ ਜਾਣਦਾ ਹੈ ਕਿ ਜੀਵਨ ਥੋੜ੍ਹੇ ਸਮੇਂ ਦਾ ਹੈ—ਬਹੁਤ ਪਦਾਰਥ ਜਮ੍ਹਾਂ ਕਰਨ ਦੀ ਲੋੜ ਨਹੀਂ ਹੈ, 'ਜੀਵਣੁ ਸਾਜਹਿ ਮਾਈ ॥' ਨਾਮ ਵਾਲਾ ਮਨੁੱਖ ਅਸਲੀਅਤ ਦੀ ਪਛਾਣ ਵਾਲਾ ਮਨੁੱਖ ਹੈ।

(੭) ਨਾਮ ਵਾਲਾ ਮਨੁੱਖ ਸਾਰੇ ਸੰਬੰਧੀਆਂ ਦੀ ਸੇਵਾ ਕਰਦਾ ਹੈ। ਪਰ ਉਹਨਾਂ ਦੀ ਖਾਤਰ ਪਾਪ ਨਹੀਂ ਕਰਦਾ ਕਿਉਂਕਿ ਉਹ ਜਾਣਦਾ ਹੈ ਕਿ ਪਾਪ ਦਾ ਦੰਡ ਉਸ ਨੂੰ ਹੀ ਭਰਨਾ ਪੈਣਾ ਹੈ, ਉਸ ਸਮੇਂ ਕਿਸੇ ਸੰਬੰਧੀ ਨੇ ਸਹਾਇਤਾ ਨਹੀਂ ਕਰਨੀ, ਸਾਥ ਨਹੀਂ ਦੇਣਾ। ਇਸ ਲਈ ਉਹ ਕਰਮ ਤੇ ਫਲ ਦੇ ਸਿਧਾਂਤ ਨੂੰ ਮੰਨ ਕੇ ਪਾਪ ਨਹੀਂ ਕਰਦਾ। ਉਹ ਜਾਣਦਾ ਹੈ ਕਿ :

ਨ ਕਿਸੀ ਕਾ ਮੀਤੁ, ਨਾ ਕਿਸੀ ਕਾ ਭਾਈ,
ਨਾ ਕਿਸੈ ਬਾਪੁ ਨ ਮਾਈ ॥

(੮) ਨਾਮ ਮਨੁੱਖ ਨੂੰ ਮੂਰਖ ਤੇ ਅਗਿਆਨੀ ਨਹੀਂ ਰਹਿਣ ਦਿੰਦਾ। ਉਪਰਲੀਆਂ ਸਾਰੀਆਂ ਅਸਲੀਅਤਾਂ ਦੀ ਮਨੁੱਖ ਨੂੰ ਸੂਝ ਕਰਾ ਦਿੰਦਾ ਹੈ ਕਿ ਤੇਰੀ ਇੱਜ਼ਤ-ਪੱਤ ਕਿਵੇਂ ਰਹਿ ਸਕਦੀ ਹੈ।

(੯) ਨਾਮ ਪ੍ਰਾਪਤੀ ਪ੍ਰਭ ਸ਼ਰਨ ਵਿਚ ਤੇ ਪ੍ਰਭੂ ਕਿਰਪਾ ਦੁਆਰਾ ਹੁੰਦੀ ਹੈ :
'ਹਮ ਮੂਰਖ ਅਗਿਆਨੀ ਸਰਨਿ ਪ੍ਰਭ ਤੇਰੀ ॥'
'ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥'

(੧੦) ਸੋ ਨਾਮ ਸ਼ਖ਼ਸੀਅਤ ਦੇ ਪਰਮ ਵਿਸ਼ੇਸ਼ ਗੁਣ ਹੀ ਹਨ। ਇਸ ਸ਼ਬਦ ਵਿਚ ਉਹਨਾਂ ਗੁਣਾਂ ਵਲ ਸੰਕੇਤ ਹੈ ਜੋ ਲਾਲਚ ਦੇ ਤਿਆਗ ਨਾਲ ਉਪਜਦੇ ਹਨ। ਸਥਿਰ ਮਨੁੱਖੀ ਮਨ ਨਾਮ ਸਿਮਰਨ ਦੀ ਦੇਣ ਹੈ—ਉਹ ਮਨ ਜੋ ਲੋਭ ਵਿਚ ਡੋਲੇ ਨਾ।

---

## ਰਾਮਕਲੀ ਮਹਲਾ ੧

### ੨.

ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥ ੧ ॥
ਜੀਵਨ ਤਲਬ ਨਿਵਾਰਿ ਸੁਆਮੀ ॥
ਅੰਧ ਕੂਪਿ ਮਾਇਆ ਮਨੁ ਗਾਡਿਆ
ਕਿਉ ਕਰਿ ਉਤਰਉ ਪਾਰਿ ਸੁਆਮੀ ॥੧॥ਰਹਾਉ॥
ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ ॥
ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ ॥੨॥
ਆਪੇ ਨੇੜੈ ਆਪੇ ਦੂਰਿ ॥
ਆਪੇ ਸਰਬ ਰਹਿਆ ਭਰਪੂਰਿ ॥

ਸਤਿਗੁਰੁ ਮਿਲੈ ਅੰਧੇਰਾ ਜਾਇ ॥
ਜਹ ਦੇਖਾ ਤਹ ਰਹਿਆ ਸਮਾਇ ॥੩॥
ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ ॥ ੪ ॥ ੨ ॥

(੧) ਇਸ ਸ਼ਬਦ ਵਿਚ ਪਰਮੁੱਖ ਸਿਧਾਂਤ ਇਹ ਦਿੱਤਾ ਹੈ ਕਿ ਪਰਮਾਤਮਾ ਜੋਤਿ ਸਰੂਪ ਵੀ ਹੈ ਤੇ ਸਰਬ ਵਿਆਪੀ ਵੀ ਹੈ। ਉਹ ਹਰ ਥਾਂ ਤੇ ਮੌਜੂਦ ਹੈ : 'ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥' 'ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ ॥' 'ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥' 'ਜਹ ਦੇਖਾ ਤਹ ਰਹਿਆ ਸਮਾਇ ॥'

(੨) ਦੂਜਾ ਵਿਚਾਰ ਇਹ ਹੈ ਕਿ ਇਹ ਸਰਬ-ਵਿਆਪੀ ਪਰਮਾਤਮਾ ਸਾਰੇ ਜੀਵਾਂ ਦੀ ਪਾਲਣਾ ਕਰਨ ਦੀ ਚਿੰਤਾ ਵੀ ਕਰਦਾ ਹੈ। ਉਹ ਸਭ ਦੀ ਪਾਲਣਾ ਕਰਦਾ ਹੈ— 'ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ ॥' ਪਰਮਾਤਮਾ ਨਿੱਤ ਸਭ ਦੀ ਪਾਲਣਾ ਕਰਦਾ ਹੈ ਅਤੇ ਸਭ ਦਾ ਧਿਆਨ ਕਰਦਾ ਹੈ।

(੩) ਪਰ ਮਨੁੱਖ ਦੇ ਅੰਦਰ ਉਪਰਲੀਆਂ ਦੋਹਾਂ ਗੱਲਾਂ ਬਾਰੇ ਸਹਸਾ ਹੈ। ਇਸ ਲਈ ਉਹ ਆਪਣੀ ਚਿੰਤਾ ਆਪ ਕਰਦਾ ਹੈ। ਆਪਣੀ ਪਾਲਣਾ ਲਈ ਉਸ ਨੇ ਮਾਇਆ ਦੀ ਸ਼ਰਨ ਲਈ ਹੈ—'ਅੰਧ ਕੂਪਿ ਮਾਇਆ ਮਨੁ ਗਾਡਿਆ' ਤੇ 'ਅੰਤਰਿ ਸਹਸਾ ਬਾਹਰਿ ਮਾਇਆ, ਨੈਣੀ ਲਾਗਸਿ ਬਾਣੀ ॥' ਮਾਇਆ ਦਾ ਪ੍ਰਭਾਵ ਬੜਾ ਤਿੱਖਾ ਹੈ ਅਤੇ ਮਨੁੱਖ ਇਸ ਦੇ ਰੂਪ ਤੇ ਮੋਹਿਆ ਹੋਇਆ ਹੈ।

(੪) ਪਰ ਇਹ ਮਾਇਆ ਦਾ ਰਸਤਾ ਮਨੁੱਖ ਲਈ ਬੜਾ ਖ਼ਤਰਨਾਕ ਵੀ ਹੈ 'ਅੰਧ ਕੂਪਿ' ਹੈ ਅਤੇ ਇਸ ਵਿਚੋਂ ਨਿਕਲਣਾ ਕਠਨ ਹੈ ਇਸੇ ਲਈ ਮਨੁੱਖ ਆਵਾਗਵਨ ਵਿਚੋਂ ਪਾਰ ਨਹੀਂ ਹੋ ਸਕਦਾ —'ਅੰਧ ਕੂਪਿ ਮਾਇਆ ਮਨੁ ਗਾਡਿਆ, ਕਿਉ ਕਰਿ ਉਤਰਉ ਪਾਰਿ ਸੁਆਮੀ' ਤੇ 'ਅੰਤਰਿ ਸਹਸਾ ਬਾਹਰ ਮਾਇਆ, ਨੈਣੀ ਲਾਗਸਿ ਬਾਣੀ ॥' ਮਾਇਆ ਦਾ ਰਸਤਾ ਮਨੁੱਖ ਲਈ ਦੁਖ ਪੈਦਾ ਕਰੇਗਾ—'ਪਰਤਾਪਹਿਗਾ ਪ੍ਰਾਣੀ ॥' ਇਹ ਰਸਤਾ ਅਗਿਆਨਤਾ ਦਾ ਰਸਤਾ ਹੈ।

(੫) ਗੁਰੂ ਦੀ ਸਹਾਇਤਾ ਨਾਲ ਗੁਰਬਾਣੀ ਦੇ ਵਿਚਾਰ ਨਾਲ ਕੋਈ ਮਨੁੱਖ ਇਸ ਮਾਇਆ ਦੇ ਅੰਧੇ ਖੂਹ ਵਿਚੋਂ ਨਿਕਲਦਾ ਹੈ, ਉਸ ਦੀ ਅਗਿਆਨਤਾ ਦੂਰ ਹੁੰਦੀ ਹੈ, ਉਸ ਦਾ ਸਹਸਾ ਮਿਟਦਾ ਹੈ—'ਸਤਿਗੁਰ ਮਿਲੈ ਅੰਧੇਰਾ ਜਾਇ' ਅੰਧੇਰਾ ਮਿਟਦਾ ਹੈ ਤਾਂ ਇਹ ਵਿਸ਼ਵਾਸ ਬਣਦਾ ਹੈ ਕਿ 'ਸਰਬ ਜੋਤਿ ਤੇਰੀ ਪਸਰਿ ਰਹੀ, ਅਤੇ 'ਸਦਾ ਚਿੰਤ ਮਨ ਮਾਹੀ ॥' ਨਹੀਂ ਤਾਂ ਮਾਇਆ ਦਾ ਪ੍ਰਭਾਵ ਬਣਿਆ ਰਹਿੰਦਾ ਹੈ।

(੬) ਗੁਰੂ ਦਾ ਮਾਰਗ ਪ੍ਰਭੂ ਦਾ ਦਾਸ ਹੋਣ ਦਾ ਹੈ—'ਪ੍ਰਣਵਤਿ ਨਾਨਕੁ ਦਾਸਨਿ ਦਾਸਾ' ਇਹ ਭਗਤੀ ਮਾਰਗ ਹੈ ਜਾਂ ਨਾਮ ਮਾਰਗ ਹੈ। ਨਾਮ ਦੁਆਰਾ ਮਾਇਆ ਦਾ ਪ੍ਰਭਾਵ ਦੂਰ ਹੁੰਦਾ ਹੈ।

(੭) ਮਾਇਆ ਦਾ ਜੀਵਨ ਅਗਿਆਨਤਾ ਤੇ ਅੰਧੇਰੇ ਦਾ ਜੀਵਨ ਹੈ। ਇਸ ਦਾ ਭਾਵ ਇਹ ਹੈ ਕਿ ਮਾਇਆ ਦੇ ਨਸ਼ੇ ਵਿਚ ਮਨੁੱਖ ਭੋਗਾਂ ਵਿਚ ਲਗਦਾ ਹੈ, ਪਰ ਮਾਇਆ

ਦੀ ਦੁਖਦਾਈ, ਗੱਲ ਇਹ ਹੈ ਕਿ 'ਪਾਪਾ ਬਾਝਹੁ ਹੋਵਹਿ ਨਾਹੀ' ਮਾਇਆ ਦੇ ਨਾਲ ਪਾਪ ਦਾ ਸੰਬੰਧ ਹੈ। ਪਾਪ ਮਾੜਾ ਹੈ, ਪਾਪ ਮੰਦ-ਕਰਮ ਹੈ, ਪਾਪ ਮੰਦ-ਚਿਤਵਨ ਹੈ। ਪਾਪ, ਝੂਠ, ਹਰਾਮ, ਬੇਈਮਾਨੀ ਦੀ ਕਮਾਈ ਹੈ। ਬਸ ਇਹੋ ਹੀ ਨਾਮ ਦੇ ਉਲਟ ਦਾ ਜੀਵਨ ਹੈ। ਮਾਇਆਧਾਰੀ ਅੰਨ੍ਹਾ, ਬੋਲਾ ਤੇ ਹੰਕਾਰੀ ਹੋ ਜਾਂਦਾ ਹੈ। ਉਸ ਵਿਚ ਨਿਮਰਤਾ ਨਹੀਂ ਰਹਿੰਦੀ, ਦਇਆ ਤੇ ਸੰਤੋਖ ਨਹੀਂ ਰਹਿੰਦੇ। ਦਇਆ ਤੇ ਸੰਤੋਖ ਹੀ ਧਰਮ ਦੇ ਆਧਾਰ ਹਨ। ਝੂਠ, ਕੁਦਇਆ ਤੇ ਵਿਸ਼ੇ ਦਾ ਜੀਵਨ ਨਾਮ-ਜੀਵਨ ਦੇ ਉਲਟ ਹੈ। ਨਾਮ ਨੇ ਮਨੁੱਖ ਨੂੰ ਸਚਿਆਰ, ਦਇਆਲ ਤੇ ਸੰਤੋਖੀ ਬਨਾਣਾ ਹੈ।

(੮) ਸੱਚ, ਦਇਆ, ਤੇ ਸੰਤੋਖ ਦਾ ਜੀਵਨ ਮਨੁੱਖ ਵਿਚ ਤਦ ਪੈਦਾ ਹੁੰਦਾ ਹੈ ਜੇ ਉਸ ਵਿਚ ਵਿਸ਼ਵਾਸ ਪੈਦਾ ਹੋਵੇ ਕਿ ਪਰਮਾਤਮਾ ਸਰਬ ਵਿਆਪੀ ਹੈ ਅਤੇ ਉਹ ਹਰ ਇਕ ਨੂੰ ਰੋਜ਼ੀ ਦੇਣ ਵਾਲਾ ਹੈ। ਮੈਨੂੰ ਆਪਣੀ ਰੋਜ਼ੀ ਲਈ ਹੋਰਾਂ ਦਾ ਗਲਾ ਘੁੱਟਣ ਦੀ ਲੋੜ ਨਹੀਂ, ਕਿਸੇ ਦਾ ਹੱਕ ਮਾਰਨ ਦੀ ਲੋੜ ਨਹੀਂ, ਪਾਪ ਨਾਲ ਰੁਪਿਆ ਕਮਾਣ ਦੀ ਲੋੜ ਨਹੀਂ। 'ਪ੍ਰਭੂ ਦੀ ਸਰਬ ਵਿਆਪਕਤਾ' ਦਾ ਵਿਸ਼ਵਾਸ ਨਾਮ ਦੁਆਰਾ ਪੈਦਾ ਹੁੰਦਾ ਹੈ। ਦੂਜੇ ਜੀਆਂ ਨੂੰ ਆਪਣਾ ਸਰੂਪ ਜਾਂ ਪ੍ਰਭ-ਸਰੂਪ – ਪ੍ਰਭੂ ਸਰਬ ਵਿਆਪੀ ਹੈ—ਸਮਝਣ ਨਾਲ ਹੀ ਸਾਡੇ ਵਿਚ ਦੂਜਿਆਂ ਲਈ ਦਇਆ ਪਿਆਰ ਪੈਦਾ ਹੁੰਦੇ ਹਨ। ਇਸ ਤਰ੍ਹਾਂ ਨਾਮ ਮਨੁੱਖ ਅੰਦਰ ਨਿਰਮਲ ਜੀਵਨ ਪੈਦਾ ਕਰਦਾ ਹੈ। ਨਾਮ 'ਨਿਰਮਲ ਜੀਵਨ' ਹੈ। ਗੁਰਬਾਣੀ ਦੀ ਵਿਚਾਰ ਮਨੁੱਖ ਵਿਚ ਇਹ ਵਿਸ਼ਵਾਸ ਤੇ ਜੀਵਨ ਪੈਦਾ ਕਰਦੀ ਹੈ।

(੯) ਸੋ ਨਾਮ ਮਨੁੱਖ ਅੰਦਰ ਸੋਹਣੀ ਸ਼ਖਸੀਅਤ ਪੈਦਾ ਕਰਦਾ ਹੈ। ਨਾਮ ਆਦਰਸ਼ਕ ਸਦਾਚਾਰਕ ਗੁਣ ਹੀ ਹਨ ਜੋ ਦੂਜਿਆਂ ਨਾਲ ਵਤੀਰੇ ਵਿਚ ਤੇ ਵਰਤੋਂ ਵਿਚ ਆਉਂਦੇ ਹਨ।

---

## ਰਾਮਕਲੀ ਮਹਲਾ ੧

### ੩.

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥ ੧ ॥
ਕਿਨ ਬਿਧਿ ਸਾਗਰੁ ਤਰੀਐ ॥
ਜੀਵਤਿਆ ਨਹ ਮਰੀਐ ॥ ੧ ॥ ਰਹਾਉ ॥
ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥
ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ
ਸਤ ਕੈ ਆਸਣਿ ਪੁਰਖੁ ਰਹੈ ॥੨॥
ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥ ੩ ॥
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥
ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥ ੪ ॥

ਇਨਿ ਬਿਧਿ ਸਾਗਰੁ ਤਰੀਐ ॥
ਜੀਵਤਿਆ ਇਉ ਮਰੀਐ ॥ ੧ ॥ ਰਹਾਉ ਦੂਜਾ ॥੪॥੩॥

(੧) ਇਸ ਸ਼ਬਦ ਵਿਚ ਮਨੁੱਖ ਦੀ ਬੁਨਿਆਦੀ ਲੋਚਾ ਇਹ ਮੰਨੀ ਹੈ ਕਿ ਉਹ 'ਅਸਲੀਅਤ' ਨੂੰ ਜਾਣਨਾ ਚਾਹੁੰਦਾ ਹੈ। 'ਅਸਲੀਅਤ' ਜਾਂ 'ਸਚਾਈ' ਉਹ ਦਸ਼ਾ ਹੈ ਜਿਥੇ ਦ੍ਵੈਤ ਨਹੀਂ ਹੈ 'ਸੱਚ' ਉਹ ਹੈ ਜਿਸ ਵਰਗਾ ਹੋਰ ਕੋਈ ਨਹੀਂ ਹੈ, 'ਸਚਾਈ' 'ਇਕ' ਹੈ ਤੇ ਉਸ ਵਰਗੀ ਹੋਰ ਕੋਈ ਚੀਜ਼ ਨਹੀਂ। 'ਏਕਤਾ' ਦੀ ਪਛਾਣ 'ਸਚਾਈ' ਹੈ। ਪੂਰਣਤਾ ਹੀ 'ਸਚਾਈ' ਹੈ ਤੇ 'ਸੱਚ' ਪੂਰਨ ਹੈ। ਪਰਮਾਤਮਾ ਅਸਲੀਅਤ, ਏਕਤਾ, ਸਚਾਈ ਜਾਂ ਪੂਰਣਤਾ ਹੈ। ਉਸ ਪਰਮਾਤਮਾ ਦੀ ਤਲਾਸ਼ ਇਸ ਸ਼ਬਦ ਵਿਚ ਦਰਸਾਈ ਹੈ—

'ਕਿਉ ਕਰਿ ਏਕੁ ਕਹੈ,
'ਤਉ ਨਾਨਕ ਏਕੁ ਮਿਲੈ।'

'ਏਕ' ਪਰਮਾਤਮਾ ਹੈ ਜੋ ਅਨੂਪਮ ਹੈ ਤੇ ਜਿਸ ਵਿਚ ਦ੍ਵੈਤ ਨਹੀਂ ਹੈ। 'ਏਕ' ਉਹ ਹੈ 'ਤੁਮ ਸਰਿ ਨਾਹੀ ਅਵਰੁ ਹਰੇ'।

(੨) ਇਸ 'ਏਕੁ' ਦੀ ਤਲਾਸ਼ ਹੋ ਰਹੀ ਹੈ: 'ਜਿਤੁ ਦਰਿ ਵਸਹਿ, ਕਵਨੁ ਦਰੁ ਕਹੀਐ; ਦਰਾ ਭੀਤਰਿ ਦਰੁ ਕਵਨੁ ਲਹੈ' 'ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥' ਉਸ 'ਸਚੁ' ਦੀ ਪਛਾਣ ਕਿਵੇਂ ਹੋਵੇ? ਉਸ ਦਾ ਅਸਥਾਨ ਕਿੱਥੇ ਹੈ? 'ਸੋ ਦਰੁ ਕੋਈ ਆਇ ਕਹੈ ॥' ਉਸ ਦਰ ਦਾ ਪਤਾ ਤਾਂ ਕੇਵਲ ਗੁਰ ਹੀ ਦੇ ਸਕਦਾ ਹੈ—ਬਾਣੀ ਵੀ ਤੇ ਇਹ ਸ਼ਬਦ ਵੀ ਉਹ ਪਤਾ ਦੇ ਰਹੇ ਹਨ ਕਿ ਉਹ ਅਨੂਪਮ 'ਏਕ' ਹੈ ਤੇ ਮਨੁੱਖ ਦੇ ਅੰਦਰ ਹੀ ਵਸਦਾ ਹੈ। ਉਹ ਸਾਰੇ ਗਿਆਨ ਤੇ ਕਰਮ-ਇੰਦ੍ਰਿਆਂ ਦੇ ਦਰਾਂ ਵਿਚੋਂ ਲੰਘ ਜਾਣ ਮਗਰੋਂ ਪ੍ਰਾਪਤ ਹੁੰਦਾ ਹੈ। ਉਸ ਦਰ ਦੀ ਤਲਾਸ਼ ਹੈ। ਉਸ ਦਰ ਦਾ ਪਤਾ ਵੀ ਲਗਦਾ ਹੈ। ਪਰ ਉਸ ਦਰ ਤੀਕ ਪਹੁੰਚਿਆ ਕਿਵੇਂ ਜਾਏ? ਆਪਣੀ ਆਤਮਾ ਵਿਚ ਪ੍ਰਭੂ ਦੇ ਦਰਸ਼ਨ ਕਿਵੇਂ ਹੋਣ? ਆਪਣੇ ਅੰਦਰੋਂ ਅਸਲੀਅਤ ਨੂੰ ਕਿਵੇਂ ਪਛਾਣਿਆ ਜਾਏ?

(੩) ਗੁਰੂ ਜੀ ਕਹਿੰਦੇ ਹਨ ਕਿ ਇਹ ਗੱਲ ਬੜੀ ਕਠਨ ਹੈ—ਦੇਹ, ਸਰੀਰ ਤੇ ਇੰਦ੍ਰੇ ਸਾਗਰ ਵਾਂਗ ਹਨ, ਇਹਨਾਂ ਨੂੰ ਪਾਰ ਕਰ ਸਕਣਾ ਬੜਾ ਕਠਨ ਹੈ। 'ਕਿਨਿ ਬਿਧਿ ਸਾਗਰੁ ਤਰੀਐ' ਜਿਸ ਦਰ ਅੰਦਰ ਪ੍ਰਭੂ ਰਹਿੰਦਾ ਹੈ, ਉਸ ਦਰ ਤੀਕ ਪਹੁੰਚਣ ਲਈ ਕਈ ਦਰਵਾਜ਼ੇ ਭੰਨਣੇ ਪੈਂਦੇ ਹਨ, ਕਈ ਰਖਵਾਲਿਆਂ ਨੂੰ ਜਿੱਤਣਾ ਪੈਂਦਾ ਹੈ, ਕਈ ਬੂਹੇ ਤੋੜਨੇ ਪੈਂਦੇ ਹਨ, ਮਾਇਆ ਦੀ ਖਾਈ ਪਾਰ ਕਰਨੀ ਪੈਂਦੀ ਹੈ, ਤਦ ਉਸ ਆਸਣ ਤੀਕ ਪਹੁੰਚ ਹੁੰਦੀ ਹੈ।

ਕਿਨ ਬਿਧਿ ਸਾਗਰੁ ਤਰੀਐ ॥
ਜੀਵਤਿਆ ਨਹ ਮਰੀਐ ॥
ਦੁਖੁ ਦਰਵਾਜਾ, ਰੋਹੁ ਰਖਵਾਲਾ,
ਆਸਾ ਅੰਦੇਸਾ ਦੁਇ ਪਟ ਜੜੇ ॥
ਮਾਇਆ ਜਲੁ ਖਾਈ, ਪਾਣੀ ਘਰੁ ਬਾਧਿਆ,
ਸਤ ਕੈ ਆਸਣਿ ਪੁਰਖੁ ਰਹੈ ॥

ਤੇ ਹੋਰ ਕਿੰਨਾ ਕੁਝ ਕਰਨਾ ਪੈਂਦਾ ਹੈ, ਤਦ ਉਸ ਦਰ ਤੀਕ ਪਹੁੰਚ ਹੁੰਦੀ ਹੈ। ਭਾਵ ਇਹ ਹੈ ਕਿ ਪੂਰਣਤਾ ਤੀਕ ਪਹੁੰਚਣਾ ਬੜਾ ਕਠਨ ਹੈ।

(੪) ਸਾਗਰ ਤਰਨਾ ਕਠਨ ਹੈ। ਸਾਗਰ ਤਰਨ ਲਈ ਸ਼ਰਤ ਇਹ ਹੈ ਕਿ 'ਜੀਵਤਿਆ ਮਰੀਐ'। ਜੀਵਤਿਆ ਮਰਨ ਦਾ ਭਾਵ ਹੈ ਕਿ ਪਹਿਲਾਂ ਤਾਂ ਇੰਦ੍ਰਿਆਂ ਨੂੰ ਪਾਰ ਕਰੇ ਜਾਂ ਇਹਨਾਂ ਦੇ ਰਸਾਂ ਤੋਂ ਨਿਰਲੇਪ ਹੋ ਜਾਏ। ਦੁਖ ਸੁਖ ਤੋਂ ਉੱਚਾ ਉੱਠੇ, ਕ੍ਰੋਧ ਤੋਂ ਉੱਚਾ ਉੱਠੇ, ਤੇ ਆਸਾ-ਅੰਦੇਸੇ ਤੋਂ ਉੱਚਾ ਉੱਠੇ। ਸਚਾਈ ਦੇ ਆਸਣ ਤੀਕ ਤਦ ਕੋਈ ਪਹੁੰਚਦਾ ਹੈ। ਪਰ ਹੈ ਉਹ ਆਸਣ ਮਨੁੱਖ ਦੇ ਅੰਦਰ ਹੀ। ਮਨੁੱਖ ਨੂੰ ਮਾਇਆ ਦੀ ਖਾਈ ਪਾਰ ਕਰਨੀ ਪੈਂਦੀ ਹੈ। ਜਦ ਤੱਕ ਦੁੱਖ ਸੁੱਖ, ਆਸਾ ਅੰਦੇਸੇ ਦੀ ਪਕੜ ਵਿਚ ਹੈ, ਕਾਮ ਕ੍ਰੋਧ ਤੇ ਲੋਭ ਦੇ ਅਧੀਨ ਹੈ—ਉਦੋਂ ਤੀਕ ਸਚਾਈ ਤੋਂ ਦੂਰ ਰਹਿੰਦਾ ਹੈ।

'ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥'
'ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥'

ਇਹ ਇੰਦ੍ਰੇ, ਦੁਖ ਸੁਖ ਦੀ ਦ੍ਵੈਤ, ਆਸਾ ਅੰਦੇਸਾ ਦੀ ਦ੍ਵੈਤ ਹੀ ਸਾਗਰ ਹਨ ਜੋ ਮਨੁੱਖ ਨੇ ਤਰਨੇ ਹਨ ਤੇ ਫਿਰ 'ਸਤ ਕੈ ਆਸਣਿ' ਪਹੁੰਚਣਾ ਹੈ।

(੫ ਇਹ ਸਾਰਾ ਯਤਨ ਸਾਗਰ ਤਰਨ ਦਾ ਮਨ ਦਾ ਹੈ, ਇਹ ਬਾਹਰਲੇ ਭੇਖਾਂ, ਧਰਮ ਕਰਮਾਂ ਤੇ ਵਿਖਾਵੇ ਦਾ ਨਹੀਂ ਹੈ। ਇਹ ਪ੍ਰੇਮ ਦੀ ਸੱਟ ਤਾਂ ਅੰਦਰ ਜਰਨੀ ਹੈ। ਅੰਦਰੋਂ ਹੀ ਬਲ ਪੈਦਾ ਹੋਣਾ ਹੈ ਤੇ ਅੰਦਰੋਂ ਹੀ ਅਸਲੀਅਤ ਜਾਂ ਸਤ ਪ੍ਰਾਪਤ ਹੋਣਾ ਹੈ।

'ਊਚਾ ਨਹੀ ਕਹਣਾ ਮਨ ਮਹਿ ਰਹਣਾ' ਹੈ। ਸੱਚ ਦੀ ਪਛਾਣ ਵਿਖਾਵੇ ਦੇ ਧਰਮਾਂ ਨਾਲ ਨਹੀਂ ਪ੍ਰਾਪਤ ਹੋਣੀ। ਇਹ ਤਾਂ ਮਨ ਦੀ ਸ਼ਕਤੀ ਨੂੰ ਸਮਝਣ ਤੇ ਵਰਤਣ ਨਾਲ ਪ੍ਰਾਪਤ ਹੋਣੀ ਹੈ। ਇਹ ਤਾਕਤ ਪ੍ਰਾਪਤ ਹੋਣੀ ਹੈ, ਇਸ ਵਿਸ਼ਵਾਸ ਵਿਚੋਂ:

'ਕਿੰਤੇ ਨਾਮਾ ਅੰਤੁ ਨ ਜਾਣਿਆਂ
ਤੁਮ ਸਰਿ ਨਾਹੀ ਅਵਰੁ ਹਰੇ' ॥

ਸਚਾਈ ਦੀ ਮਹਾਨਤਾ ਦੇ ਵਿਸ਼ਵਾਸੀ ਨੇ ਸਾਰੀ ਸ਼ਕਤੀ ਨੂੰ ਉਸ ਦੀ ਪ੍ਰਾਪਤੀ ਲਈ ਕੇਂਦਰਤ ਕਰਨਾ ਹੈ।

ਇਹ ਸਾਰਾ ਯਤਨ ਹੀ ਨਾਮ ਸਿਮਰਨ ਹੈ।

ਇਨਿ ਬਿਧਿ ਸਾਗਰੁ ਤਰੀਐ॥
ਜੀਵਤਿਆ ਇਉ ਮਰੀਐ ॥

(੬) ਸੋ, ਸਾਰੇ ਸ਼ਬਦ ਦਾ ਸਾਰ ਇਹ ਹੋਇਆ ਕਿ ਉਹ ਸ਼ਖ਼ਸੀਅਤ ਹੀ ਸਚਾਈ ਦੀ ਪਛਾਣ ਵਾਲੀ ਹੁੰਦੀ ਹੈ ਜਿਸ ਵਿਚ ਇੰਦ੍ਰੀ-ਵਸ ਹੋਣ ਦਾ ਐਗੁਣ ਨਹੀਂ ਤੇ ਇਸ ਲਈ ਜੋ ਆਸਾ ਅੰਦੇਸਾ ਤੇ ਦੁਖ ਸੁਖ ਤੋਂ ਉਪਰ ਚੜ੍ਹ ਕੇ ਜੀਵਨ ਮੁਕਤ ਅਵਸਥਾ ਨੂੰ ਪਹੁੰਚ ਗਈ ਹੈ ਜਿਥੇ :—

ਤੈਸਾ ਸੁਵਰਨ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥

ਤੈਸਾ ਰੰਕ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥'

ਹੁੰਦੇ ਹਨ। ਇਹ ਅਡੋਲਤਾ ਹੀ ਪ੍ਰਭੂ ਮਿਲਾਪ ਹੈ।

ਇਹ ਮਨੁੱਖ ਇੰਦ੍ਰਿਆਂ ਦੇ ਸੁਆਦਾਂ ਵਸ ਹੋ ਕੇ ਮਾਇਆ ਇਕੱਤਰ ਕਰਨ ਲਈ ਸਚਾਈ ਦਾ ਤਿਆਗ ਨਹੀਂ ਕਰਦਾ – ਇਹ ਸਾਰੇ ਸ਼ਬਦ ਦਾ ਭਾਵ ਹੈ। ਇਹ ਮਨੁੱਖ ਔਗੁਣਾਂ ਅਧੀਨ ਨਹੀਂ ਹੈ, ਇਹ ਪਾਪ ਨਹੀਂ ਕਰਦਾ। ਇਸ ਦਾ ਆਪਣਾ ਸਦਾਚਾਰਕ ਪੱਧਰ ਹੈ।

ਨਾਮ ਸਿਮਰਨ ਸਚਾਈ ਦੀ ਤਲਾਸ਼ ਹੈ, ਸਚਾਈ ਦਾ ਪਿਆਰ ਹੈ। ਇਹ ਆਪਣੇ ਆਪ ਨੂੰ ਉੱਚਾ ਕਰਨ ਨਾਲ ਪ੍ਰਾਪਤ ਹੁੰਦਾ ਹੈ। ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਯਤਨ-ਸ਼ੀਲ ਰਹਿਣਾ ਹੀ ਨਾਮ ਸਿਮਰਨ ਹੈ ਜਾਂ ਨਾਮ ਸਿਮਰਨ ਸਫ਼ਲ ਤਦ ਹੀ ਹੈ ਜੇ ਸ਼ਖ਼ਸੀਅਤ ਉੱਨਤ ਹੋ ਰਹੀ ਹੋਵੇ।

---

ਰਾਮਕਲੀ ਮਹਲਾ ੧

੪.

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥
ਬਾਬਾ ਗੋਰਖੁ ਜਾਗੈ ॥
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥ ੧ ॥ ਰਹਾਉ ॥
ਪਾਣੀ ਪ੍ਰਾਣ ਪਵਣਿ ਬੰਧਿ ਰਾਖੇ, ਚੰਦੁ ਸੂਰਜੁ ਮੁਖਿ ਦੀਏ ॥
ਮਰਣ ਜੀਵਣ ਕਉ ਧਰਤੀ ਦੀਨੀ, ਏਤੇ ਗੁਣ ਵਿਸਰੇ ॥੨॥
ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥ ੩ ॥
ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥
ਐਸੇ ਭਗਤੁ ਮਿਲਹਿ ਜਨ ਨਾਨਕ, ਤਿਨ ਜਮੁ ਕਿਆ ਕਰੈ ॥ ੪ ॥ ੪ ॥

(੧) ਇਸ ਸ਼ਬਦ ਵਿਚ ਆਦਰਸ਼ਕ ਲੋਕਾਂ ਨੂੰ ਕਈ ਨਾਮ ਦਿੱਤੇ ਹੋਏ ਹਨ ਜਿਵੇਂ 'ਸਿਧ ਸਾਧਿਕ ਅਰ ਜੋਗੀ ਜੰਗਮ, ਪੀਰ ਪੁਰਸ ਬਹੁਤੇਰੇ, ਤੇ ਭਗਤ—'ਐਸੇ ਭਗਤ ਮਿਲਹਿ ਜਨ ਨਾਨਕ' ਇਹਨਾਂ ਸਾਰਿਆਂ ਦਾ ਆਦਰਸ਼ਕ ਕਰਤੱਵ ਇਕੋ ਮੰਨਿਆ ਹੈ ਅਤੇ ਉਹ ਹੈ 'ਕੀਰਤਿ' ਆਖਣਾ ਅਤੇ ਨਾਮ ਦੀ ਭਿਖਿਆ ਪ੍ਰਾਪਤ ਕਰਨਾ—'ਭੀਖਿਆ ਨਾਮੁ ਪੜੇ'। ਇਸੇ ਨੂੰ ਪਰਮਾਤਮਾ ਦੀ ਸੇਵਾ ਮੰਨਿਆ ਹੈ—'ਤਾ ਮਨੁ ਸੇਵ ਕਰੇ।'

(੨) ਭਗਤੀ, ਜੋਗ, ਕੀਰਤ ਜਾਂ ਸੇਵਾ ਦਾ ਸਾਂਝਾ ਭੇਖ ਜਾਂ ਸਰੂਪ ਇਹ ਮੰਨਿਆ ਹੈ—

'ਸੁਰਤਿ ਸਬਦੁ, ਸਾਖੀ ਮੇਰੀ ਸਿੰਙੀ, ਤੇ 'ਪਤੁ ਝੋਲੀ ਮੰਗਣ ਕੈ ਤਾਈ'—ਲਿਵ ਸ਼ਬਦ ਨਾਲ ਲਗਾਣੀ ਹੈ, ਗੁਰੂ ਸਿਖਿਆ (ਸਾਖੀ) ਨੂੰ ਸਿੰਙੀ ਸਮਝਣਾ ਹੈ ਅਤੇ ਪਰਤੀਤ ਨੂੰ ਝੋਲੀ ਬਨਾਣਾ ਹੈ—ਐਸਾ ਜੋਗੀ ਦਾ ਭੇਖ ਕਰਕੇ ਨਾਮ ਮੰਗਣਾ ਹੈ।

(ੲ) ਜੋ ਨਾਮ ਮੰਗਣਾ ਹੈ, ਉਹ ਕੀ ਹੈ ? ਇਸ ਸ਼ਬਦ ਦੀ ਮੁਖ ਚੀਜ਼ ਤਾਂ ਇਹ ਹੈ। ਉਸ ਨਾਮ ਦਾ ਜੋ ਸਰੂਪ ਇਸ ਸ਼ਬਦ ਵਿਚੋਂ ਉਘੜਦਾ ਹੈ, ਉਹ ਇਹ ਹੈ ਕਿ (ੳ) ਨਾਮ ਸ਼ੁਕਰ ਗੁਜ਼ਾਰੀ ਜਾਂ ਕ੍ਰਿਤਗਯਤਾ ਦੀ ਨਿਮਰਤਾ ਵਿਚੋਂ ਪੈਦਾ ਹੁੰਦਾ ਹੈ, ਨਾਮ ਮਨੁੱਖੀ ਸੁਭਾਅ, ਵਤੀਰਾ ਤੇ ਸ਼ਖ਼ਸੀਅਤ ਹੈ ਜੋ ਕ੍ਰਿਤਗਯਤਾ ਵਿਚੋਂ ਪੈਦਾ ਹੁੰਦਾ ਹੈ—ਪ੍ਰਭੂ ਦਾ ਕ੍ਰਿਤਗਯ ਹੋਣ ਵਿਚੋਂ, 'ਗੋਰਖੁ ਸੋ ਜਿਨਿ ਗੋਇ ਉਠਾਲੀ, ਕਰਤੇ ਬਾਰ ਨ ਲਾਗੈ ॥ ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥

ਇਹਨਾਂ ਸਾਰੀਆਂ ਤੁਕਾਂ ਵਿਚ ਪ੍ਰੇਰਨਾ ਕ੍ਰਿਤਗਯਤਾ ਦੀ ਹੈ। ਪਰਮਾਤਮਾ ਸਦਾ ਜਾਗਦਾ ਗੋਰਖ ਹੈ—ਗੋਰਖ, ਜਿਸ ਨੇ ਸਾਰੀ ਧਰਤੀ ਦਾ ਭਾਰ ਚੁੱਕਿਆ ਹੋਇਆ ਹੈ; ਉਹ ਸਾਨੂੰ ਤੇ ਸਭ ਸ੍ਰਿਸ਼ਟੀ ਨੂੰ ਰਚਣ ਵਾਲਾ ਹੈ; ਉਸ ਨੇ ਪ੍ਰਾਣ ਆਦਿ ਸਰੀਰ ਵੀ ਬੰਨ੍ਹ ਕੇ ਟਿਕਾਏ ਹੋਏ ਹਨ : ਉਸ ਨੇ ਸੂਰਜ ਤੇ ਚੰਦ ਰੌਸ਼ਨੀ ਦੇਣ ਲਈ ਸਾਡੇ ਵਾਸਤੇ ਬਣਾਏ ਹਨ; ਉਸ ਨੇ ਸਾਡੇ ਸਾਰੇ ਜੀਵਨ ਲਈ, ਜਨਮ ਤੋਂ ਮਰਨ ਤੀਕ ਦੇ ਜੀਵਨ ਲਈ, ਧਰਤੀ ਰਚੀ ਹੈ—ਉਸ ਨੇ ਸਾਡੇ ਤੇ ਇਹ ਅਹਿਸਾਨ (ਗੁਣ) ਕੀਤੇ ਹਨ। ਸਾਨੂੰ ਇਸ ਗੁਣ ਲਈ ਕ੍ਰਿਤਗਯਤਾ ਪ੍ਰਗਟ ਕਰਨੀ ਚਾਹੀਦੀ ਹੈ। ਇਹ ਨਾਮ ਤੇ ਕੀਰਤ ਦੁਆਰਾ ਸੰਭਵ ਹੈ।

ਇਥੇ ਸ਼ਖ਼ਸੀਅਤ ਦਾ ਵੱਡਾ ਗੁਣ 'ਕ੍ਰਿਤਗਯਤਾ' ਮੰਨਿਆ ਹੈ—ਕਿਸੇ ਦੇ ਕੀਤੇ ਨੂੰ ਨਾ ਭੁਲਾਣਾ। ਜੋ ਪਰਮਾਤਮਾ ਦੇ ਕੀਤੇ ਨੂੰ ਭੁਲਾ ਸਕਦਾ ਹੈ, ਉਹ ਮਨੁੱਖਾਂ ਦੇ ਕੀਤੇ ਨੂੰ ਵੀ ਭੁਲਾ ਦਿੰਦਾ ਹੈ। ਇਸ ਨਾਲ ਜੀਵਨ ਵਿਚ ਗਿਰਾਵਟ ਪੈਦਾ ਹੁੰਦੀ ਹੈ।

ਐਸਾ ਪੁਰਸ਼ ਮਾਤਾ ਪਿਤਾ, ਗੁਰੂ ਉਸਤਾਦ, ਸਰਕਾਰ ਸਮਾਜ ਸਭ ਤੋਂ ਅਕ੍ਰਿਤਘਣ ਹੋ ਜਾਂਦਾ ਹੈ ਤੇ ਉਸ ਦੇ ਆਚਰਣ ਵਿਚ ਹਰ ਪ੍ਰਕਾਰ ਦੀ ਗਿਰਾਵਟ ਆ ਜਾਂਦੀ ਹੈ ਅਤੇ ਉਹ ਹਰ ਕਿਸੇ ਵਲ ਆਪਣੇ ਫ਼ਰਜ਼ ਜਾਂ ਧਰਮ ਤੋਂ ਬੇਮੁਖ ਹੋ ਜਾਂਦਾ ਹੈ। ਕ੍ਰਿਤਗਯਤਾ ਵਿਚ ਹੀ ਅਸੀਂ ਸਭ ਵਲ ਆਪਣਾ ਫ਼ਰਜ਼ ਪੂਰਾ ਕਰਦੇ ਹਾਂ—ਮਾਤਾ ਪਿਤਾ ਦਾ ਸਤਿਕਾਰ ਕਰਦੇ ਹਾਂ, ਗੁਰੂ ਦਾ ਸਤਿਕਾਰ ਕਰਦੇ ਹਾਂ; ਦੇਸ਼ ਦਾ ਮਾਣ ਸਤਿਕਾਰ ਕਰਦੇ ਹਾਂ। ਇਹ ਸਭ ਕੁਝ ਹੀ ਸ਼ਖ਼ਸੀਅਤ ਹੈ। ਪਰ ਅਕ੍ਰਿਤਘਣ ਹੋ ਜਾਣ ਨਾਲ ਇਹ ਸ਼ਖ਼ਸੀਅਤ ਦੀਆਂ ਖ਼ੂਬੀਆਂ ਨਾਸ਼ ਹੋ ਜਾਂਦੀਆਂ ਹਨ।

ਤਾਂ ਤੇ ਨਾਮ ਉਸ ਸ਼ਖ਼ਸੀਅਤ ਦਾ ਸੰਕੇਤ ਹੈ ਜੋ ਕ੍ਰਿਤਗਯਤਾ ਤੇ ਧਰਮ ਪਾਲਣਾ ਵਿਚੋਂ ਪੈਦਾ ਹੁੰਦੀ ਹੈ। ਨਾਮ ਉਹ ਆਚਰਨ ਦੀਆਂ ਖ਼ੂਬੀਆਂ ਹਨ ਜੋ ਕ੍ਰਿਤਗਯਤਾ ਵਿਚੋਂ ਪੈਦਾ ਹੁੰਦੀਆਂ ਹਨ।

(ਅ) ਦੂਜੀ ਗੱਲ ਨਾਮ ਦੇ ਸਰੂਪ ਦੀ ਇਸ ਸ਼ਬਦ ਵਿਚ ਇਹ ਕਹੀ ਹੈ :

'ਕਾਗਦੁ ਲੂਣੁ ਰਹੈ ਘ੍ਰਿਤ ਸੰਗੇ, ਪਾਣੀ ਕਮਲੁ ਰਹੈ'

ਇਹ ਭਗਤੀ ਹੈ, ਭਗਤ ਐਸੇ ਲੋਕ ਹੁੰਦੇ ਹਨ ਜੋ ਸੰਸਾਰ ਵਿਚ ਇਸ ਤਰ੍ਹਾਂ ਰਹਿੰਦੇ

ਹਨ ਜਿਵੇਂ ਪਾਣੀ ਵਿਚ ਘਿਉ ਨਾਲ ਲਿਬੜਿਆ ਕਾਗਜ਼ ਜਾਂ ਲੂਣ ਰਹਿੰਦਾ ਹੈ ਜਾਂ ਜਿਵੇਂ ਕਮਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੈ। ਭਾਵ ਭਗਤ ਸੰਸਾਰ ਦੀ ਮਾਇਆ ਤੇ ਇਸ ਦੇ ਕਾਮਾਦਿਕ ਵਿਚ ਇਸ ਤਰ੍ਹਾਂ ਵਿਚਰਦਾ ਹੈ ਕਿ ਉਸ ਨੂੰ ਇਹਨਾਂ ਦੀ ਲਾਗ ਨਹੀਂ ਲਗਦੀ। ਉਹ ਇਹਨਾਂ ਪ੍ਰਭਾਵਾਂ ਤੋਂ ਉਚੇਰਾ ਰਹਿੰਦਾ ਹੈ ਜਿਵੇਂ ਥਿੰਧਾ ਕਾਗਜ਼ ਪਾਣੀ ਵਿਚ ਜਾਂ ਲੂਣ ਘਿਉ ਵਿਚ ਨਹੀਂ ਗਲਦਾ; ਕਮਲ ਪਾਣੀ ਦੀ ਸਤਹ ਤੋਂ ਸਦਾ ਉਚੇਰਾ ਰਹਿੰਦਾ ਹੈ। ਮਨੁੱਖ ਵੀ ਇਸੇ ਤਰ੍ਹਾਂ ਰਹੇ ਸੰਸਾਰ ਦੀ ਮਾਇਆ ਤੇ ਕਾਮਾਦਿਕ ਵਿਚ ਹੀ, ਪਰ ਰਹੇ ਇਹਨਾਂ ਤੋਂ ਉੱਚਾ। ਭਗਤ ਉਹ ਹੈ ਜੋ ਮਾਇਆ ਤੇ ਕਾਮਾਦਿਕ ਦੇ ਦਬਾ ਵਿਚ ਨਹੀਂ ਆ ਜਾਂਦਾ।

ਇਹ ਭਾਵ ਉਥੇ ਹੀ ਆ ਪਹੁੰਚਿਆ ਕਿ ਨਾਮ ਭਗਤੀ ਇਹ ਹੈ ਕਿ ਮਨੁੱਖ ਕਾਮਾਦਿਕ ਦਾ ਸ਼ਿਕਾਰ ਨਾ ਹੋ ਜਾਵੇ, ਰਹੇ ਸੰਸਾਰ ਵਿਚ ਹੀ। ਨਾਮ ਉਹ ਥਿੰਧਾ ਹੈ ਜੋ ਮਨੁੱਖੀ ਮਨ ਨੂੰ ਕਾਮਾਦਿਕ ਦੇ ਪਾਣੀ ਵਿਚ ਗਲ ਜਾਣ ਤੋਂ ਬਚਾ ਕੇ ਰੱਖਦਾ ਹੈ। ਨਾਮ ਮਨੁੱਖੀ ਆਚਰਨ ਦੇ ਗੁਣਾਂ ਨੂੰ ਬਚਾ ਕੇ ਰੱਖਣ ਦਾ ਯਤਨ ਹੈ। ਨਾਮ ਆਚਰਨ ਦੇ ਗੁਣ ਹੀ ਹਨ।

(੪) ਇਹ ਭਗਤ-ਲੋਕ ਹੀ ਹਨ ਜੋ ਜਮ ਦੀ ਫਾਹੀ ਤੋਂ ਸੁਤੰਤਰ ਹਨ—'ਤਿਨ ਜਮੁ ਕਿਆ ਕਰੈ।' ਇਹ ਲੋਕ ਮੌਤ ਤੋਂ ਨਿਡਰ ਹਨ। ਮੌਤ ਤੋਂ ਨਿਡਰ ਉਹ ਹੈ ਜਿਸ ਨੇ ਪਾਪ ਕਰਮ ਨਹੀਂ ਕੀਤੇ, ਜਿਸ ਨੂੰ ਮੌਤ ਮਗਰੋਂ ਪ੍ਰਭੂ-ਮਿਲਾਪ ਦੀ ਆਸ ਹੈ; ਜਿਸ ਨੂੰ ਆਪਣਾ ਭਵਿਸ਼ ਸੰਸਾਰਕ ਜੀਵਨ ਨਾਲੋਂ ਵੀ ਸੋਹਣਾ ਤੇ ਆਸ਼ਾਵਾਦੀ ਦਿਸਦਾ ਹੈ। ਇਹ ਮਨੁੱਖੀ ਜਾਮੇ ਵਿਚ ਪ੍ਰਾਪਤ ਹੋਈ ਸੰਪੂਰਣਤਾ ਦੇ ਲੱਛਣ ਹਨ। ਭਗਤੀ ਜਾਂ ਨਾਮ ਮਨੁੱਖ ਨੂੰ ਪੂਰਨ ਪੁਰਸ਼ ਬਣਾਂਦੀ ਹੈ, ਸ਼ਖਸੀਅਤ ਦੀ ਪੂਰਨਤਾ ਤੀਕ ਪੁਜਾਂਦੀ ਹੈ। ਸ਼ਖਸੀਅਤ ਦੀ ਪੂਰਨਤਾ ਇਕ ਉੱਚਾ ਸੁੱਚਾ ਪਵਿੱਤਰ ਨਿਰਲੇਪ ਤਿਆਗੀ ਆਚਰਨ ਹੀ ਹੈ। ਨਾਮ ਭਗਤੀ ਇਹਨਾਂ ਗੁਣਾਂ ਦਾ ਹੀ ਪਿਆਰ ਹੈ। ਇਹ ਗੁਣ ਹੀ ਪਰਮਾਤਮਾ ਹਨ। ਗੁਣਾਂ ਦਾ ਪਿਆਰ ਹੀ ਪਰਮਾਤਮਾ ਦਾ ਪਿਆਰ ਹੈ।

---

## ਰਾਮਕਲੀ ਮਹਲਾ ੧

### ੫.

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥
ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥
ਆਪਿ ਤਰੈ ਸਗਲੇ ਕੁਲ ਤਾਰੇ ॥ ੧ ॥
ਸੋ ਅਉਧੂਤੁ ਐਸੀ ਮਤਿ ਪਾਵੈ ॥
ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥ ੧ ॥ ਰਹਾਉ ॥
ਭਿਖਿਆ ਭਾਇ ਭਗਤਿ ਭੈ ਚਲੈ ॥
ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥

ਧਿਆਨ ਰੂਪਿ ਹੋਇ ਆਸਣੁ ਪਾਵੈ ॥
ਸਚਿ ਨਾਮਿ ਤਾੜੀ ਚਿਤੁ ਲਾਵੈ ॥ ੨ ॥
ਨਾਨਕੁ ਬੋਲੈ ਅੰਮ੍ਰਿਤ ਬਾਣੀ ॥
ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥
ਆਸਾ ਮਾਹਿ ਨਿਰਾਸੁ ਵਲਾਏ ॥
ਨਿਹਚਉ ਨਾਨਕ ਕਰਤੇ ਪਾਏ ॥੩॥
ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥
ਗੁਰ ਚੇਲੇ ਕੀ ਸੰਧਿ ਮਿਲਾਏ ॥
ਦੀਖਿਆ ਦਾਰੂ ਭੋਜਨੁ ਖਾਇ ॥
ਛਿਅ ਦਰਸਨ ਕੀ ਸੋਝੀ ਪਾਇ ॥ ੪ ॥ ੫ ॥

(੧) ਇਸ ਸ਼ਬਦ ਵਿਚ ਨਾਮ-ਭਗਤੀ ਦਾ ਉਪਦੇਸ਼ ਦਿੱਤਾ ਹੈ। ਇਹ ਉਪਦੇਸ਼ ਮਾਛਿੰਦ੍ਰ ਜੋ ਕਿ ਇਕ ਨਾਥ ਸੀ, ਅਤੇ ਅਉਧੂਤ-ਤਿਆਗੀ ਵਿਰਕਤਾ ਸੀ, ਲਈ ਹੈ। ਇਸ ਤਰ੍ਹਾਂ ਇਹ ਸਾਰੇ ਭੇਖ ਦਰਸ਼ਨਾਂ ਲਈ ਹੈ। ਸਾਰੇ ਭੇਖਾਂ ਅਉਧੂਤਾਂ, ਜੋਗੀਆਂ ਆਦਿ ਦੇ ਚਿੰਨ੍ਹ ਤੇ ਵਿਸ਼ੇਸ਼ ਸ਼ਬਦਾਵਲੀ ਲੈ ਕੇ ਦੱਸਿਆ ਹੈ ਕਿ ਅਸਲ ਜੋਗ ਭਗਤੀ ਹੀ ਹੈ ਜੋ ਗੁਰੂ ਪ੍ਰਾਇਣਤਾ ਵਿਚੋਂ ਪ੍ਰਾਪਤ ਹੁੰਦੀ ਹੈ। ਸ਼ਬਦ ਦੀ ਸੂਝ ਤੇ ਸਿਮਰਨ ਹੀ ਸਾਰੇ ਜਪ, ਤਪ, ਧਿਆਨ, ਲਿਵ ਸੰਜਮ ਹਨ।

'ਐਸੀ ਜੁਗਤਿ ਜੋਗ ਕਉ ਪਾਲੇ'
'ਸੋ ਅਉਧੂਤੁ ਐਸੀ ਮਤਿ ਪਾਵੈ'
'ਅਹਿਨਿਸਿ ਸੁੰਨ ਸਮਾਧਿ ਸਮਾਵੈ'
'ਭਿਖਿਆ ਭਾਇ ਭਗਤਿ ਭੈ ਚਲੈ'
'ਧਿਆਨ ਰੂਪਿ ਹੋਇ ਆਸਣੁ ਪਾਵੈ'
'ਸਚਿ ਨਾਮਿ ਤਾੜੀ ਚਿਤੁ ਲਾਵੈ'

ਇਹ ਸਾਰੀਆਂ ਤੁਕਾਂ ਜੋਗੀਆਂ—ਅਉਧੂਤਾਂ ਦੇ ਜੋਗ, ਮਤਿ, ਸਮਾਧ, ਭਿਖਿਆ, ਧਿਆਨ, ਆਸਣੁ, ਤਾੜੀ, ਚਿਤ ਆਦਿ ਦੇ ਸਿਧਾਂਤਾਂ ਦਾ ਸੰਕੇਤ ਦੇ ਕੇ ਨਾਮ-ਭਗਤੀ ਤੇ ਗੁਰੂ-ਭਗਤੀ ਲਈ ਪ੍ਰੇਰਨਾ ਦਿੰਦੀਆਂ ਹਨ।

(੨) ਪਰ ਉਹ ਨਾਮ-ਭਗਤੀ ਹੈ ਕੀ ? ਇਸ ਸ਼ਬਦ ਵਿਚ ਨਾਮ-ਭਗਤੀ ਨੂੰ ਇਹ ਤੁਕਾਂ ਸਪਸ਼ਟ ਕਰਦੀਆਂ ਹਨ :

'ਵਸਗਤਿ ਪੰਚ ਕਰੇ ਨਹ ਡੋਲੈ'
'ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ'
'ਆਸਾ ਮਾਹਿ ਨਿਰਾਸੁ ਵਲਾਏ'

ਭਗਤੀ ਦਾ ਸਿਖਰ ਇਹ ਹੈ ਕਿ ਪੰਜਾਂ ਵਿਕਾਰਾਂ ਤੇ ਮਨੁੱਖ ਦਾ ਕਾਬੂ ਹੋਵੇ, ਕਾਮਾਦਿਕ ਅਤੇ ਇਹਨਾਂ ਦੀ ਲਹਿਰ ਨਾਲ ਮਨੁੱਖੀ ਮਨ ਕਾਂਪ ਖਾ ਕੇ ਡੋਲੇ ਨਾ, ਇਹ ਹੀ ਨਾਮ-ਭਗਤੀ ਦਾ ਫਲ ਹੈ, ਇਹੋ ਹੀ ਨਾਮ-ਭਗਤੀ ਹੈ। ਇਹ ਪੂਰਨ ਜੋਗ ਹੈ, ਇਹ ਹੀ ਅਉਧੂਤ ਦਾ ਸਰੂਪ ਹੈ। ਕਾਮਾਦਿਕ ਪਰ ਕਾਬੂ ਇਕ ਸਹਿਜ ਵਿਚ ਆ ਚੁੱਕੀ

ਸ਼ਖ਼ਸੀਅਤ ਦਾ ਸੂਚਕ ਹੈ। ਇਹ ਉਹ ਸ਼ਖ਼ਸੀਅਤ ਜਾਂ ਸਦਾਚਾਰ ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਵਿਚ ਡੋਲਦਾ ਨਹੀਂ। ਭਾਵ ਇਸਤ੍ਰੀ ਤੇ ਮਾਇਆ ਦਾ ਪ੍ਰਭਾਵ ਇਹ ਮਨੁੱਖ ਨਹੀਂ ਕਬੂਲਦਾ।

ਇਹ ਪ੍ਰਾਪਤੀ 'ਅਮੁਲ ਸੰਤੋਖੀ' ਪਰਮਾਤਮਾ ਵਿਚ ਲੀਨ ਹੋ ਜਾਣ ਨਾਲ ਹੁੰਦੀ ਹੈ। ਭਾਵ ਇਹ ਸੰਜਮ, ਅਡੋਲਤਾ ਤੇ ਕਾਮਾਦਿਕ ਦਾ ਕਾਬੂ ਸੰਤੋਖੀ ਹੋਣ ਨਾਲ ਹੁੰਦਾ ਹੈ। ਸੰਤੋਖੀ ਉਹ ਹੁੰਦਾ ਹੈ ਜੋ ਰੱਜਿਆ ਪੁੱਜਿਆ ਹੋਵੇ, ਜਿਸ ਦਾ ਮਨ ਭਰਿਆ ਹੋਇਆ ਹੋਵੇ ਅਤੇ ਦੌਲਤ ਜਾਂ ਕਾਮਨੀ ਦਾ ਲਾਲਚ ਉਸ ਨੂੰ ਡੁਲਾ ਨਾ ਸਕੇ। ਇਹ ਬਣੀ ਹੋਈ ਦ੍ਰਿੜ੍ਹ ਸ਼ਖ਼ਸੀਅਤ ਹੈ।

ਇਹ ਐਸੀ ਸ਼ਖ਼ਸੀਅਤ ਹੀ ਹੋ ਸਕਦੀ ਹੈ ਜੋ 'ਆਸਾ ਵਿਚ ਨਿਰਾਸ' ਰਹਿ ਸਕਦੀ ਹੋਵੇ—ਜਿਸ ਨੂੰ ਸੰਸਾਰ ਦੇ ਪਦਾਰਥਾਂ ਦੀ ਕੀਮਤ ਦਾ ਪਤਾ ਹੈ, ਜੋ ਸੰਸਾਰ ਦੀ ਮਾਇਆ ਵਿਚ ਵਿਚਰਦਿਆਂ ਨਿਰਲੇਪ ਰਹਿ ਸਕਦੀ ਹੈ। ਇਹ ਭਗਤੀ ਹੈ।

ਸਪਸ਼ਟ ਹੈ ਕਿ ਨਾਮ ਸ਼ਖ਼ਸੀਅਤ ਦੇ ਕੁਝ ਗੁਣ ਉਤਪੰਨ ਕਰਦਾ ਹੈ। ਇਸ ਲਈ ਨਾਮ ਗੁਣ ਹੀ ਹਨ।

---

ਰਾਮਕਲੀ ਮਹਲਾ ੧

੬.

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥ ੧ ॥
ਗੁਰ ਤਾਰਿ ਤਾਰਣ ਹਾਰਿਆ ॥
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ਰਹਾਉ॥
ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥
ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ ੩ ॥ ੬ ॥

(੧) ਇਸ ਸ਼ਬਦ ਵਿਚ ਪਰਮਾਤਮਾ ਦਾ ਸਰੂਪ 'ਸਨਮੁਖ ਸਿਧ' (ਪਰਤੱਖ ਸਿਧ), 'ਪੂਰਨ' 'ਅਵਿਨਾਸੀ' 'ਏਕੁ ਸਿਧੁ' 'ਸੁਆਮੀ' 'ਪ੍ਰਭ' 'ਪਰਮੇਸਰੁ' ਆਦਿ ਅੱਖਰਾਂ ਵਿਚ ਬਿਆਨ ਕੀਤਾ ਹੈ। ਉਹ ਹਾਜ਼ਰਾ ਹਜ਼ੂਰ ਪੂਰਣਤਾ (ਸਿਧ) ਹੈ ਜੋ ਕਦੇ ਨਾਸ਼ ਨਹੀਂ ਹੁੰਦਾ। ਪਰਮਾਤਮਾ ਪੂਰਣਤਾ ਹੈ।

'ਸਨਮੁਖ ਸਿਧ ਭੇਟਣ ਕਉ ਆਏ'
'ਦੇਹਿ ਭਗਤਿ ਪੂਰਨ ਅਵਿਨਾਸੀ'
'ਏਕ ਸਿਧੁ ਜਿਨੀ ਧਿਆਇਆ'
'ਪਰਸਤ ਪੈਰ ਸਿਝਤ ਤੇ ਸੁਆਮੀ'

ਪਰਮਾਤਮਾ ਸਿਧੀ ਹੈ, ਪੂਰਣਤਾ ਹੈ, ਭਾਵ ਉਸ ਵਿਚ ਪਾਪ ਦਾ ਲੇਸ ਨਹੀਂ ਹੈ। ਪੂਰਣਤਾ ਦੀ ਪ੍ਰਾਪਤੀ ਹੀ ਤਰਣਾ ਹੈ!

(੨) ਇਹ ਪੂਰਣਤਾ ਮਨੁੱਖ ਨੂੰ ਪ੍ਰਭੂ ਦੀ ਭੇਟ ਨਾਲ ਪ੍ਰਾਪਤ ਹੋ ਸਕਦੀ ਹੈ, ਇਸ ਲਈ :

'ਸਨਮੁਖ ਸਿਧ ਭੇਟਣ ਕਉ ਆਏ, ਨਿਹਚਉ ਦੇਹਿ ਵਡਿਆਈ'

'ਹੇ ਪਰਤੱਖ ਸਿਧ, ਅਸੀਂ ਤਾਂ ਮਿਲਣ ਆਏ ਹਾਂ, ਸਾਨੂੰ ਜ਼ਰੂਰੀ ਮਿਲਾਪ ਦਾ ਮਾਣ ਬਖਸ਼।'

ਇਹ ਪੂਰਣਤਾ ਸਿਧ ਨੂੰ ਧਿਆਨ ਨਾਲ ਪ੍ਰਾਪਤ ਹੋ ਸਕਦੀ ਹੈ :

'ਸਿਧ ਸਾਧਿਕ ਜੋਗੀ ਅਰੁ ਜੰਗਮ, ਏਕੁ ਸਿਧੁ ਜਿਨੀ ਧਿਆਇਆ'

ਇਹ ਪੂਰਣਤਾ ਪ੍ਰਭੂ ਦੇ ਚਰਣ ਪਰਸਣ ਨਾਲ ਪ੍ਰਾਪਤ ਹੋ ਸਕਦੀ ਹੈ :

'ਪਰਸਤ ਪੈਰ ਸਿਝਤ ਤੇ ਸੁਆਮੀ'

ਇਹ ਪੂਰਣਤਾ ਨਾਮ ਜਪਣ ਨਾਲ ਪ੍ਰਾਪਤ ਹੁੰਦੀ ਹੈ :

'ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ'

ਸੋ, ਜੀਵਨ ਆਦਰਸ਼ ਇਹ ਹੈ ਕਿ ਪੂਰਨ ਪ੍ਰਭੂ ਨੂੰ ਮਿਲ ਕੇ ਪੂਰਣਤਾ ਪ੍ਰਾਪਤ ਕੀਤੀ ਜਾਏ।

(੩) ਇਸ ਪ੍ਰਾਪਤੀ ਵਿਚ ਸਹਾਇਤਾ ਗੁਰ-ਸ਼ਬਦ ਦੀ ਹੀ ਹੋ ਸਕਦੀ ਹੈ :

'ਗੁਰ ਤਾਰਿ ਤਾਰਣ ਹਾਰਿਆ'

'ਪਰਸਤ ਪੈਰ ਸਿਝਤ ਤੇ ਸੁਆਮੀ'

'ਅਖਰੁ ਜਿਨ ਕਉ ਆਇਆ'

(ਅਖਰ=ਗੁਰ ਉਪਦੇਸ਼)

'ਗੁਰੁ ਪਰਮੇਸਰੁ ਨਾਨਕ ਭੇਟਿਓ, ਸਾਚੇ ਸਬਦਿ ਨਿਬੇਰਾ'

ਨਿਬੇਰਾ ਹੈ ਆਵਾਗਵਨ ਤੋਂ ਪਾਰ ਹੋ ਜਾਣਾ। ਇਹ ਗੁਰੂ ਦੇ ਮਿਲਾਪ ਨਾਲ ਤੇ ਸ਼ਬਦ ਸੋਝੀ ਦੀ ਪ੍ਰਾਪਤੀ ਨਾਲ ਹੋ ਸਕਦਾ ਹੈ।

ਸੋ, ਗੁਰੂ ਪ੍ਰਭੂ-ਮਿਲਾਪ ਵਿਚ ਸਹਾਇਕ ਹੈ।

(੪) ਗੁਰੂ ਭਗਤੀ ਦਿੰਦਾ ਹੈ, ਨਾਮ ਜਪਣ ਦੀ ਵਿਧੀ ਦਸਦਾ ਹੈ ਜੋ 'ਜਪ ਤਪ ਸੰਜਮ ਕਰਮ' ਸਭ ਨਾਲੋਂ ਸਰੇਸ਼ਟ ਹੈ। ਇਹ ਭਗਤੀ ਹੀ ਸਿਧੀ ਤੀਕ ਲੈ ਜਾਂਦੀ ਹੈ।

'ਗੁਰ ਤਾਰਿ ਤਾਰਣ ਹਾਰਿਆ॥ ਦੇਹਿ ਭਗਤਿ ਪੂਰਨ ਅਵਿਨਾਸੀ'

(੫) ਗੁਰੂ ਹੋਰ ਸਹਾਇਤਾ ਕੀ ਕਰਦਾ ਹੈ ਜਾਂ ਨਾਮ ਮਨੁੱਖ ਦੀ ਕੀ ਸਹਾਇਤਾ ਕਰਦਾ ਹੈ? ਨਾਮ ਇਹ ਸਹਾਇਤਾ ਕਰਦਾ ਹੈ ਕਿ 'ਹਮ ਡੋਲਤ ਬੇੜੀ ਪਾਪ ਭਰੀ' ਦੀ ਅਵਸਥਾ ਨਹੀਂ ਰਹਿਣ ਦਿੰਦਾ। ਭਗਤੀ ਮਨੁੱਖ ਅੰਦਰੋਂ ਪਾਪ ਦੀ ਰੁਚੀ ਦੂਰ ਕਰ ਦਿੰਦੀ ਹੈ। ਪਾਪ ਵਾਲੀ ਬੇੜੀ (ਸਰੀਰ ਜੀਵਨ) ਨੂੰ ਹਰ ਵੇਲੇ ਡੁੱਬਣ ਦਾ ਖ਼ਤਰਾ ਹੁੰਦਾ ਹੈ। ਨਾਮ ਮਨੁੱਖ ਨੂੰ ਅਡੋਲ ਕਰਦਾ ਹੈ। ਪਾਪ ਦੇ ਦੂਰ ਹੋਣ ਨਾਲ ਅਡੋਲਤਾ ਆਉਂਦੀ ਹੈ। ਜਿਥੇ ਪਾਪ ਦਾ ਲੇਸ ਨਹੀਂ ਹੈ, ਉਥੇ ਪੂਰਣਤਾ ਹੈ।

ਸੋ ਨਾਮ ਦਾ ਜੀਵਨ ਉਹ ਜੀਵਨ ਹੈ ਜਿਥੇ ਪਾਪ ਨਹੀਂ ਹੈ ਜਾਂ ਪਵਿੱਤਰਤਾ, ਸੁੱ
ਤੇ ਸੰਜਮ ਹੈ। ਪਾਪ ਅ-ਸਦਾਚਾਰਕ ਵਿਹਾਰ ਹੈ। ਨਾਮ ਸਦਾਚਾਰਕ ਵਿਹਾਰ ਹੈ। ਨਾ
ਪੁੰਨ ਜੀਵਨ ਹੈ।

---

ਰਾਮਕਲੀ ਮਹਲਾ ੧

੭.

ਸੁਰਤੀ ਸੁਰਤਿ ਰਲਾਈਐ ਏਤੁ ॥
ਤਨੁ ਕਰਿ ਤੁਲਹਾ ਲੰਘਹਿ ਜੇਤੁ ॥
ਅੰਤਰਿ ਭਾਹਿ ਤਿਸੈ ਤੂ ਰਖੁ ॥
ਅਹਿਨਿਸਿ ਦੀਵਾ ਬਲੈ ਅਥਕੁ ॥੧॥
ਐਸਾ ਦੀਵਾ ਨੀਰਿ ਤਰਾਇ ॥
ਜਿਤੁ ਦੀਵੈ ਸਭ ਸੋਝੀ ਪਾਇ ॥ ੧ ॥ ਰਹਾਉ ॥
ਹਛੀ ਮਿਟੀ ਸੋਝੀ ਹੋਇ ॥
ਤਾਕਾ ਕੀਆ ਮਾਨੈ ਸੋਇ ॥
ਕਰਣੀ ਤੇ ਕਰਿ ਚਕਹੁ ਢਾਲਿ ॥
ਐਥੈ ਓਥੈ ਨਿਬਹੀ ਨਾਲਿ ॥ ੨ ॥
ਆਪੇ ਨਦਰਿ ਕਰੇ ਜਾ ਸੋਇ ॥
ਗੁਰਮੁਖਿ ਵਿਰਲਾ ਬੂਝੈ ਕੋਇ ॥
ਤਿਤੁ ਘਟਿ ਦੀਵਾ ਨਿਹਚਲੁ ਹੋਇ ॥
ਪਾਣੀ ਮਰੈ ਨ ਬੁਝਾਇਆ ਜਾਇ ॥
ਐਸਾ ਦੀਵਾ ਨੀਰਿ ਤਰਾਇ ॥ ੩ ॥
ਡੋਲੈ ਵਾਉ ਨ ਵਡਾ ਹੋਇ ॥
ਜਾਪੈ ਜਿਉ ਸਿੰਘਾਸਣਿ ਲੋਇ ॥
ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥
ਨਿਰਤਿ ਨ ਪਾਈਆ ਗਣੀ ਸਹੰਸ ॥
ਐਸਾ ਦੀਵਾ ਬਾਲੇ ਕੋਇ ॥
ਨਾਨਕ ਸੋ ਪਾਰੰਗਤਿ ਹੋਇ ॥੪॥੭॥

(੧) ਇਸ ਲੋਕ-ਕਾਵਿ ਰੂਪ ਸ਼ਬਦ ਵਿਚ 'ਪਾਰੰਗਤਿ'—ਨਾਨਕ ਸੋ ਪਾਰੰਗਤਿ
ਹੋਇ—ਨੂੰ ਜੀਵਨ ਆਦਰਸ਼ ਮੰਨਿਆ ਹੈ। 'ਪਾਰੰਗਤਿ' ਦਾ ਭਾਵ ਹੈ 'ਪਰਮਗਤੀ' ਨੂੰ
ਪਹੁੰਚਣਾ', 'ਪਾਰ ਪਹੁੰਚਣਾ', 'ਮੁਕਤੀ ਨੂੰ ਪ੍ਰਾਪਤ ਹੋਣਾ' ਆਦਿ। ਪਰਮਗਤੀ ਹੈ ਉੱਚੀ
ਤੋਂ ਉੱਚੀ ਉੱਨਤੀ ਜੋ ਮਨੁੱਖ ਦੀ ਹੋ ਸਕਦੀ ਹੈ; ਪਾਰ ਪਹੁੰਚਣਾ ਹੈ, ਸੰਸਾਰ ਦੇ ਸਾਗਰ

ਤੋਂ ਜਿਥੇ ਅਗਨੀ ਦਾ ਨੀਰ ਹੈ, ਮੁਕਤ ਹੋਣਾ ਹੈ, ਆਪਣੇ ਇੰਦ੍ਰਿਆਂ ਦੇ ਸੁਆਦਾਂ ਤੇ ਰਸਾਂ ਤੋਂ; ਆਪਣੀਆਂ ਕਮਜ਼ੋਰੀਆਂ ਤੋਂ, ਮਾਇਆ ਦੇ ਬੰਧਨਾਂ ਤੋਂ, ਹਉਮੈ ਤੋਂ।

(੨) ਇਸ ਆਦਰਸ਼ ਦੀ ਪ੍ਰਾਪਤੀ ਲਈ ਅੰਦਰ ਇਕ 'ਦੀਵਾ' ਬਾਲਣ ਲਈ ਕਿਹਾ ਹੈ, ਐਸਾ ਦੀਵਾ ਜੋ—

'ਅਹਿਨਿਸਿ ਦੀਵਾ ਬਲੇ ਅਥਕੁ ॥'
"ਜਿਤੁ ਦੀਵੈ ਸਭ ਸੋਝੀ ਪਾਇ ॥'
'ਤਿਤੁ ਘਟਿ ਦੀਵਾ ਨਿਹਚਲੁ ਹੋਇ ॥'
'ਪਾਨੀ ਮਰੈ ਨ ਬੁਝਾਇਆ ਜਾਇ ॥'
'ਡੋਲੈ ਵਾਉ ਨ ਵਡਾ ਹੋਇ ॥'
'ਜਾਪੈ ਜਿਉ ਸਿੰਘਾਸਣਿ ਲੋਇ ॥'

ਇਹ ਦੀਵਾ ਅੰਦਰ ਗਿਆਨ ਜਾਂ ਨਾਮ ਦਾ ਦੀਵਾ ਹੈ। ਨਾਮ ਹੀ ਗਿਆਨ ਹੈ। ਇਸ ਦੀਵੇ ਦੀ ਰੋਸ਼ਨੀ ਵਿਚ ਕਰਮ ਕਰਨ ਨਾਲ ਮਨੁੱਖ 'ਪਾਰਗੇਤਿ' ਨੂੰ ਪਹੁੰਚਦਾ ਹੈ। ਇਹ ਦੀਵਾ 'ਮਨ ਨੂੰ ਪਾਰ' ਕਰਨਾ ਹੈ। 'ਐਸਾ ਦੀਵਾ ਨੀਰਿ ਤਰਾਇ ॥' ਮਨ ਦੀਆਂ ਖ਼ਾਹਸ਼ਾਂ ਦਾ ਕਾਬੂ ਹੀ ਨਾਮ ਹੈ।

(੩) ਇਹ ਦੀਵਾ ਬਣੇ ਕਿਵੇਂ? ਇਹ ਦੀਵਾ ਮਨੁੱਖ ਨੂੰ ਪ੍ਰਾਪਤ ਕਿਵੇਂ ਹੋਵੇ? ਇਹ ਮਨੁੱਖੀ ਆਚਰਨ ਨਾਲ ਬਣਦਾ ਹੈ। ਇਹ ਦੀਵਾ ਤਾਂ ਆਚਰਨ ਦਾ ਦੀਵਾ ਹੈ। 'ਦੀਵੇ' ਜਾਂ ਗਿਆਨ—(ਨਾਮ) ਵਾਲਾ ਆਚਰਨ ਇਹ ਹੈ :

੧. 'ਅੰਤਰਿ ਭਾਹਿ ਤਿਸੈ ਤੂ ਰਖੁ'—ਅੰਦਰ ਜੋ ਅਗਨੀ ਹੈ, ਉਸ ਨੂੰ ਰੋਕਿਆ ਜਾਏ, ਅਗਨੀ ਹੰਸ, ਹੇਤ, ਲੋਭ, ਕੋਪ ਦੀ ਹੈ; ਅਗਨੀ ਤ੍ਰਿਸ਼ਨਾ ਦੀ ਹੈ; ਅਗਨੀ ਕ੍ਰੋਧ ਦੀ ਹੈ। ਇਹ ਇਕ ਸਦਾਚਾਰ ਦਾ ਰੂਪ ਹੈ, ਦੀਵਾ ਸਦਾਚਾਰ ਦਾ ਹੈ।

੨. 'ਹਛੀ ਮਿਟੀ ਸੋਝੀ ਹੋਇ' ਇਹ ਦੀਵਾ ਤਾਂ ਸ਼ੁੱਭ ਵਿਚਾਰਾਂ ਦਾ ਦੀਵਾ ਹੈ। ਜਿਹੋ ਜਿਹਾ ਕੋਈ ਸੋਚਦਾ ਹੈ, ਉਹੋ ਜਿਹਾ ਹੀ ਉਸ ਦਾ ਵਿਹਾਰ ਹੁੰਦਾ ਹੈ। ਸ਼ੁੱਭ ਚਿਤਵਨਾ ਹੀ ਨਾਮ ਹੈ, ਦੂਜਿਆਂ ਦਾ ਸ਼ੁੱਭ ਇੱਛਕ ਹੋਣਾ, ਸੋਹਣੇ ਵਿਚਾਰ ਸੋਚਣਾ, ਦੂਜਿਆਂ ਨਾਲ ਪ੍ਰੇਮ ਕਰਨਾ, ਇਹ ਵੀ ਆਤਮਕ ਸਦਾਚਾਰ ਹੈ।

੩. 'ਕਰਣੀ ਤੇ ਕਰਿ ਚਕਹੁ ਢਾਲਿ'—ਇਹ ਦੀਵਾ ਸੁਭ ਕਰਣੀ ਦੇ ਚੱਕ ਤੇ ਘੜਿਆ ਜਾਂਦਾ ਹੈ। ਸੋਹਣੇ ਪਵਿੱਤਰ ਕਰਮ ਹੀ ਨਾਮ ਹਨ।

(੪) ਇਹ ਨਾਮ—ਦੀਵਾ ਜਾਂ ਗਿਆਨ ਲਈ ਸਦਾਚਾਰ ਕਿਵੇਂ ਪ੍ਰਾਪਤ ਹੋ ਸਕਦਾ ਹੈ? ਭਗਤੀ ਦੁਆਰਾ!

੧. 'ਸੁਰਤੀ ਸੁਰਤਿ ਰਲਾਈਐ ਏਤੁ'—ਗਿਆਨ ਸਰੂਪ ਪ੍ਰਭੂ ਵਿਚ ਸੁਰਤ ਗੱਡਣ ਨਾਲ ਮਨੁੱਖ ਨੂੰ ਨਾਮ ਪ੍ਰਾਪਤ ਹੁੰਦਾ ਹੈ।

੨. 'ਆਪੇ ਨਦਰਿ ਕਰੇ ਜਾ ਸੋਇ'—ਇਹ ਨਾਮ ਦੀਵਾ ਉਸ ਦੀ ਬਖ਼ਸ਼ਸ਼ ਹੈ। ਸੋਹਣਾ ਸਦਾਚਾਰਕ ਵਤੀਰਾ ਬੜੀ ਬਖ਼ਸ਼ਸ਼ ਹੈ।

੩. 'ਗੁਰਮੁਖਿ ਵਿਰਲਾ ਬੂਝੈ ਕੋਇ'—ਇਹ ਬਖ਼ਸ਼ਸ਼ ਗੁਰੂ ਪਾਸੋਂ ਪ੍ਰਾਪਤ ਹੁੰਦੀ ਹੈ,

ਬਾਣੀ ਵਿਚੋਂ ਰੋਜ਼ਾਨਾ ਵਤੀਰੇ ਦੀ ਸੋਝੀ ਮਿਲਦੀ ਹੈ।

੪. 'ਨਿਰਤਿ ਨ ਪਾਈਆ ਗਣੀ ਸਹੰਸ'—ਇਸ ਦੀਵੇ ਦੀ ਗਿਣਤੀ ਮਿਣਤੀ ਦਾ ਨਿਰਨਾ ਨਹੀਂ ਹੈ। ਇਹ ਬਹੁਤ ਅਮੋਲਕ ਹੈ।

ਭਾਵ, ਭਗਤੀ, ਨਦਰ, ਗੁਰੂ ਕਿਰਪਾ ਦੁਆਰਾ ਨਾਮ—ਦੀਵਾ ਮਿਲਦਾ ਹੈ।

(੫) ਨਾਮ ਪੱਧਰ ਜੀਵਨ ਵਿਚ ਪ੍ਰਾਪਤ ਹੋ ਜਾਏ, ਫਿਰ ਨਾਸ਼ ਨਹੀਂ ਹੁੰਦਾ। ਇਹ ਦੀਵਾ ਕਿਸੇ ਤਰ੍ਹਾਂ ਨਾਸ਼ ਨਹੀਂ ਹੁੰਦਾ, ਇਹ ਸਦਾ ਦਾ ਚਾਨਣ ਹੈ!

'ਅਹਿਨਿਸਿ ਦੀਵਾ ਬਲੈ ਅਥਕੁ'
'ਐਥੈ ਓਥੈ ਨਿਬਹੀ ਨਾਲਿ'
'ਤਿਤੁ ਘਟਿ ਦੀਵਾ ਨਿਹਚਲੁ ਹੋਇ'
'ਪਾਣੀ ਮਰੈ ਨ ਬੁਝਾਇਆ ਜਾਇ'
'ਡੋਲੈ ਵਾਉ ਨ ਵਡਾ ਹੋਇ'

(੬) ਇਹ ਦੀਵਾ ਸਰੀਰ ਵਿਚ ਹੀ ਹੋ ਸਕਦਾ ਹੈ। ਮਨ, ਸਰੀਰ, ਇੰਦ੍ਰੀਆਂ ਆਦਿ ਦੀ ਸਹਾਇਤਾ ਨਾਲ ਹੀ ਆਤਮਕ ਉੱਚਤਾ ਪ੍ਰਾਪਤ ਹੁੰਦੀ ਹੈ।

'ਤਨੁ ਕਰਿ ਤੁਲਹਾ ਲੰਘਹਿ ਜੇਤੁ'

ਸਰੀਰ ਦੇ ਤੁਲਹਾ ਤੇ ਹੀ ਇਹ ਦੀਵਾ ਤਰਾਇਆ ਜਾ ਸਕਦਾ ਹੈ। ਸਰੀਰ ਦੀ ਯੋਗ ਵਰਤੋਂ ਨਾਲ ਮਨੁੱਖ ਆਤਮਕ ਉੱਨਤੀ ਕਰਦਾ ਹੈ ਤੇ ਨਾਮ ਦੇ ਜੀਵਨ ਨੂੰ ਪ੍ਰਾਪਤ ਹੁੰਦਾ ਹੈ।

(੭) ਸੋ ਨਾਮ ਦੀਵਾ ਉਹ ਵਤੀਰਾ ਹੈ ਜਿਸ ਵਿਚ ਅਗਨੀ ਨਹੀਂ ਹੈ; ਤ੍ਰਿਸ਼ਨਾ, ਲੋਭ, ਮੋਹ, ਕਾਮ ਤੇ ਹਿੰਸਾ ਦੀ ਅਗਨੀ। ਇਸ ਦੇ ਉਲਟ ਇਹ ਕੁਰਬਾਨੀ, ਸਚਾਈ, ਪਵਿੱਤਰਤਾ, ਲੋਕ ਭਲਾਈ ਵਾਲੀ ਕਰਣੀ ਹੈ। ਇਹੋ ਮੁਕਤੀ ਹੈ। ਨਾਮ ਦਾ ਸਰੂਪ 'ਅੰਤਰਿ ਭਾਹਿ ਤਿਸੈ ਤੂ ਰਖੁ' ਦਾ ਹੈ। 'ਅੰਦਰ ਦੀ ਅਗਨੀ' ਨੂੰ ਮਾਰ ਲੈਣ ਨਾਲ ਨਾਮ ਪ੍ਰਾਪਤ ਹੁੰਦਾ ਹੈ। ਪਰ ਨਾਮ ਵਤੀਰੇ ਦਾ ਪਤਾ ਸਰੀਰਕ ਕਰਮਾਂ ਦੁਆਰਾ ਹੀ ਲਗਦਾ ਹੈ. ਨਾਮ ਸੋਹਣੇ, ਪਵਿੱਤਰ ਸੁੱਚੇ ਕਰਮ ਹਨ ਜੋ ਤ੍ਰਿਸ਼ਨਾ-ਰਹਿਤ ਹੋਣ। ਸੋ ਨਾਮ ਦਾ ਉੱਚਤਮ ਸਰੂਪ ਸੋਹਣੀ ਕਰਣੀ ਹੈ।

———

ਰਾਮਕਲੀ ਮਹਲਾ ੧

੮.

ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥
ਸਾਚੁ ਭੇਟ ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥ ੧ ॥

ਨਾਨਕ ਬਿਰਥਾ ਕੋਇ ਨ ਹੋਇ ॥
ਐਸੀ ਦਰਗਹ ਸਾਚਾ ਸੋਇ ॥ ੧ ॥ ਰਹਾਉ ॥
ਪ੍ਰਾਪਤਿ ਪੋਤਾ ਕਰਮੁ ਪਸਾਉ ॥
ਤੂੰ ਦੇਵਹਿ ਮੰਗਤ ਜਨ ਚਾਉ ॥
ਭਾਡੈ ਭਾਉ ਪਵੈ ਤਿਤੁ ਆਇ ॥
ਧੁਰਿ ਤੈ ਛੋਡੀ ਕੀਮਤਿ ਪਾਇ ॥ ੨ ॥
ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
ਅਪਨੀ ਕੀਮਤਿ ਆਪੇ ਧਰੈ ॥
ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥
ਨਾ ਕੋ ਆਵੈ ਨਾ ਕੋ ਜਾਇ ॥ ੩ ॥
ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤੁ ਮਾਨੁ ਨ ਪਾਇਆ ॥
ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥ ੪ ॥ ੮ ॥

(੧) ਇਸ ਸ਼ਬਦ ਵਿਚ ਪਹਿਲੀ ਗੱਲ ਤਾਂ ਇਹ ਕਹੀ ਹੈ ਕਿ ਪਰਮਾਤਮਾ ਦੀ ਕੀਮਤ ਕੋਈ ਨਹੀਂ ਪਾ ਸਕਦਾ। ਆਪਣੀ ਕੀਮਤ ਉਹ ਆਪ ਹੀ ਜਾਣਦਾ ਹੈ। ਉਸ ਦੀ ਰਚਨਾ ਦੀ ਕੀਮਤ ਵੀ ਕੋਈ ਨਹੀਂ ਪਾ ਸਕਦਾ।

ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
ਅਪਨੀ ਕੀਮਤਿ ਆਪੇ ਧਰੈ ॥

(੨) ਪਰ ਗੁਰੂ ਦੀ ਕਿਰਪਾ ਨਾਲ ਉਸ ਪਰਮਾਤਮਾ ਦਾ ਦਰਸ਼ਨ ਹੋ ਸਕਦਾ ਹੈ।

ਗੁਰਮੁਖਿ ਪਰਗਟੁ ਹੋਆ ਹਰਿ ਰਾਏ ॥
ਨਾ ਕੋ ਆਵੈ ਨਾ ਕੋ ਜਾਇ ॥

ਪਰਮਾਤਮਾ ਤਾਂ ਹਰ ਥਾਂ ਵਿਆਪਕ ਹੈ ਤੇ ਸਦਾ ਕਾਇਮ ਹੈ। ਐਸੇ ਪਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ।

(੩) ਪਰ ਐਸੇ ਪਰਮਾਤਮਾ ਦੀ ਪੂਜਾ ਤਦ ਹੋ ਸਕਦੀ ਹੈ ਜੇ ਉਸ ਦੀ ਮਨੁੱਖ ਤੇ ਕਿਰਪਾ ਹੋਵੇ। ਉਸ ਦੀ ਕਿਰਪਾ ਦੁਆਰਾ ਮਨੁੱਖ ਨੂੰ ਪ੍ਰੇਮ ਮਿਲਦਾ ਹੈ। ਇਹ ਧੁਰ ਦੀ ਬਖਸ਼ਸ਼ ਹੈ।

ਪ੍ਰਾਪਤਿ ਪੋਤਾ ਕਰਮੁ ਪਸਾਉ ॥
ਤੂ ਦੇਵਹਿ ਮੰਗਤ ਜਨ ਚਾਉ ॥
ਭਾਡੈ ਭਾਉ ਪਵੈ ਤਿਤੁ ਆਇ ॥
ਧੁਰਿ ਤੈ ਛੋਡੀ ਕੀਮਤਿ ਪਾਇ ॥

ਇਹ ਬਖਸ਼ਸ਼ ਹੀ ਖ਼ਜ਼ਾਨਾ (ਪੋਤਾ) ਹੈ।

(੪) ਜੇ ਤੂੰ ਇਹ ਬਖਸ਼ਸ਼—ਪ੍ਰੇਮ ਦੀ—ਕਰ ਦੇਵੇਂ ਤਾਂ ਸਾਰੇ ਖ਼ਜ਼ਾਨੇ ਮਿਲ ਗਏ। ਮੈਂ ਮੰਗਤੇ ਲਈ ਇਹ ਬੜੀ ਹੀ ਆਦਰ ਦੀ ਗੱਲ ਹੈ।

'ਤੂ ਦੇਵਹਿ ਮੰਗਤ ਜਨ ਚਾਉ ॥'

ਭਾਵੇਂ ਮੰਗਤਿਆਂ ਨੂੰ ਮਾਣ ਨਹੀਂ ਮਿਲਦਾ ਪਰ 'ਪ੍ਰੇਮ' ਦੇ ਮੰਗਤੇ ਬੜੇ ਮਹਾਨ ਹੁੰਦੇ ਹਨ—

ਲੋਕ ਧਿਕਾਰੁ ਕਹੈ ਮੰਗਤ ਜਨ ਮਾਗਤੁ ਮਾਨੁ ਨ ਪਾਇਆ ॥
ਸਹ ਕੀਆ ਗਲਾ, ਦਰ ਕੀਆ ਬਾਤਾ, ਤੈ ਤਾ ਕਹਣੁ ਕਹਾਇਆ ॥

(੫) ਤੇਰੇ ਪਾਸੋਂ ਪ੍ਰੇਮ ਮੰਗਣ ਵਾਲਾ ਖ਼ਾਲੀ ਕਦੇ ਨਹੀਂ ਜਾਂਦਾ—ਤੂੰ ਬਖ਼ਸ਼ਸ਼ ਜ਼ਰੂਰ ਕਰਦਾ ਹੈਂ।

ਨਾਨਕ ਬਿਰਥਾ ਕੋਇ ਨ ਹੋਇ ॥
ਐਸੀ ਦਰਗਹ ਸਾਚਾ ਸੋਇ ॥

(੬) ਹੁਣ ਨਿਰਨਾ ਇਹ ਕਰਨਾ ਹੈ ਕਿ ਇਹ 'ਪ੍ਰੇਮ' ਜਾਂ 'ਨਾਮ' ਕੀ ਹੈ ਜਿਸ ਦੀ ਮੰਗ ਇਸ ਸਾਰੇ ਸ਼ਬਦ ਵਿਚ ਕੀਤੀ ਗਈ ਹੈ। ਇਹ ਪ੍ਰਭੂ ਪੂਜਾ ਕੀ ਹੈ? ਇਹ ਪ੍ਰਭੂ ਅਰਾਧਨਾ ਕੀ ਹੈ? ਪ੍ਰੇਮ ਭੇਟਾ ਕੀ ਹੈ? ਇਹਨਾਂ ਸਾਰੀਆਂ ਗੱਲਾਂ ਦਾ ਉੱਤਰ ਪਹਿਲੇ ਬੰਦ ਵਿਚ ਦਿੱਤਾ ਹੈ—

ਤੁਧ ਨੋ ਨਿਵਣੁ, ਮੰਨਣ ਤੇਰਾ ਨਾਉ ॥
ਸਾਚੁ ਭੇਟ, ਬੈਸਣ ਕਉ ਥਾਉ ॥
ਸਤੁ ਸੰਤੋਖੁ ਹੋਵੈ ਅਰਦਾਸਿ ॥
ਤਾ ਸੁਣਿ ਸਦਿ ਬਹਾਲੇ ਪਾਸਿ ॥

ਪਰਮਾਤਮਾ ਦੀ ਪੂਜਾ ਇਹ ਹੈ ਕਿ ਉਸ ਅਗੇ ਨਿਵਿਆ ਜਾਏ, ਉਸ ਨੂੰ 'ਸੱਚ' ਦੀ ਭੇਟਾ ਚੜ੍ਹਾਈ ਜਾਏ ਅਤੇ ਉਸ ਅੱਗੇ 'ਸਤੁ ਸੰਤੋਖ' ਦੀ ਅਰਦਾਸ ਕੀਤੀ ਜਾਏ।

(ੳ) ਪਰਮਾਤਮਾ ਅੱਗੇ ਨਿਵਣ ਦਾ ਭਾਵ ਇਹ ਹੀ ਹੋ ਸਕਦਾ ਹੈ ਕਿ ਜੋ ਪ੍ਰਭੂ ਦੀ ਸਕੀਮ ਹੈ, ਖੇਲ ਹੈ, ਉਸ ਵਿਚ ਆਪਣੇ ਆਪ ਨੂੰ ਖ਼ੁਸ਼ੀ ਨਾਲ ਚਲਾ ਸਕਣਾ। ਉਸ ਦੇ ਹੁਕਮ ਅੱਗੇ ਝੁਕ ਸਕਣਾ। ਗੁਰਬਾਣੀ ਵਿਚ ਉਸ ਦੇ ਦਿਤੇ ਅਸੂਲਾਂ ਵਾਲਾ ਜੀਵਨ ਜੀਅ ਸਕਣਾ। ਕੁਦਰਤ ਤੇ ਸਮਾਜ ਦੇ ਕਾਨੂੰਨਾਂ ਵਿਚ ਵਿਚਰ ਸਕਣਾ। ਇਹ ਨਿਯਮ ਤੇ ਸੰਜਮ ਦਾ ਜੀਵਨ ਹੈ। ਇਹ ਜੁਗਤ ਵਾਲਾ ਜੀਵਨ ਹੈ। ਇਹ ਹੀ 'ਨਾਮ' ਹੈ।

(ਅ) ਪਰਮਾਤਮਾ 'ਸਚਾਈ' ਦੀ ਭੇਟਾ ਪਰਵਾਨ ਕਰਦਾ ਹੈ। ਆਪਣੇ ਜੀਵਨ ਦੇ ਹਰ ਪੱਖ ਤੋਂ ਸਚਾਈ ਦੀ ਵਰਤੋਂ ਕਰਨਾ ਹੀ ਪੂਜਾ ਹੈ। ਮਨ, ਬਚਨ ਤੇ ਕਰਮ ਕਰਕੇ ਸਚਾਈ ਤੇ ਤੁਰਨਾ ਹੀ ਪੂਜਾ ਹੈ।

(ੲ) ਸਤੁ ਤੇ ਸੰਤੋਖ ਦਾ ਜੀਵਨ ਬਤੀਤ ਕਰਨਾ ਹੀ ਉਸ ਅੱਗੇ ਅਰਦਾਸ ਹੈ। ਹਕ ਹਲਾਲ ਦੀ ਰੋਜ਼ੀ ਕਮਾਣਾ ਅਤੇ ਸੰਜਮ ਸਾਦਗੀ ਵਿਚ ਰਹਿਣਾ ਪੂਜਾ ਹੈ। ਇਹ ਅਰਦਾਸ ਕੋਈ ਕਰ ਸਕੇ ਤਾਂ ਪਰਮਾਤਮਾ ਉਸ ਨੂੰ ਆਪਣੇ ਪਾਸ ਥਾਂ ਦਿੰਦਾ ਹੈ।

ਪਰਮਾਤਮਾ ਉਸ ਪੁਰਸ਼ ਦਾ ਸਤਿਕਾਰ ਕਰਦਾ ਹੈ ਜੋ ਸਤੀ ਅਤੇ ਸੰਤੋਖੀ ਹੈ। ਇਹ ਮੁਕਤੀ ਹੈ।

(੭) ਸੋ 'ਪ੍ਰੇਮ' ਜਾਂ 'ਨਾਮ' ਕੀ ਹੋਇਆ? ਮੂਲ ਰੂਪ ਵਿਚ ਇਹ ਕਾਨੂੰਨ-ਜ਼ਬਤ, ਸਚਾਈ-ਸੰਜਮ ਦਾ ਜੀਵਨ ਹੋਇਆ ਜਿਸ ਵਿਚ ਮਨੁੱਖ ਜ਼ਬਤ ਵਿਚ ਰਹਿੰਦਾ ਹੈ। ਸਚਾਈ

ਨਾਲ ਉਪਜੀਵਕਾ ਪੈਦਾ ਕਰਦਾ ਹੈ ਅਤੇ ਸਾਦਾ ਜੀਵਨ ਰਖਦਾ ਹੈ। ਇਹ ਹੀ ਸੋਹਣ ਸਮਾਜਕ ਜੀਵਨ ਲਈ ਲੋੜੀਂਦਾ ਹੈ। ਇਹ ਹੀ ਸ਼ਖ਼ਸੀਅਤ ਹੈ।

'ਨਾਮ' ਜੀਵਨ ਹੈ, ਵਿਸ਼ੇਸ਼ ਸਦਾਚਾਰਕ ਜੀਵਨ, ਖ਼ੂਬੀਆਂ ਤੇ ਗੁਣਾਂ ਵਾਲਾ ਜੀਵਨ।

---

## ਰਾਮਕਲੀ ਮਹਲਾ ੧

ੴ

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ, ਆਪੇ ਤਤੁ ਪਛਾਣੈ ॥ ੧ ॥
ਐਸਾ ਗਿਆਨੁ ਬੀਚਾਰੈ ਕੋਈ ॥
ਤਿਸਤੇ ਮੁਕਤਿ ਪਰਮਗਤਿ ਹੋਈ ॥ ੧ ॥ ਰਹਾਉ ॥
ਦਿਨ ਮਹਿ ਰੈਣਿ, ਰੈਣ ਮਹਿ ਦਿਨੀਅਰਿ,
ਉਸਨ ਸੀਤ ਬਿਧਿ ਸੋਈ ॥
ਤਾਕੀ ਗਤਿ ਮਿਤਿ ਅਵਰੁ ਨ ਜਾਣੈ, ਗੁਰ ਬਿਨੁ ਸਮਝ ਨ ਹੋਈ ॥ ੨ ॥
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮਗਿਆਨੀ ॥
ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ,
ਗੁਰਮੁਖਿ ਅਕਥ ਕਹਾਨੀ ॥ ੩ ॥
ਮਨ ਮਹਿ ਜੋਤਿ ਜੋਤਿ ਮਹਿ ਮਨੂਆ, ਪੰਚ ਮਿਲੇ ਗੁਰ ਭਾਈ ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥

ਇਸ ਸ਼ਬਦ ਵਿਚੋਂ ਹੇਠ ਦਿੱਤੇ ਵਿਚਾਰ ਦ੍ਰਿੜ੍ਹ ਹੁੰਦੇ ਹਨ :

(੧) ਮਨੁੱਖ ਦਾ ਆਦਰਸ਼ 'ਪਰਮਗਤਿ' ਨੂੰ ਪ੍ਰਾਪਤ ਹੋਣਾ ਹੈ।

ਐਸਾ ਗਿਆਨੁ ਬੀਚਾਰੈ ਕੋਈ ॥
ਤਿਸ ਤੇ ਮੁਕਤਿ ਪਰਮਗਤਿ ਹੋਈ ॥

ਭਾਵ, ਜਿਤਨੀ ਮਨੁੱਖੀ ਸੰਭਾਵਨਾ ਹੈ, ਉਤਨੀ ਆਤਮਕ, ਮਾਨਸਕ, ਸਮਾਜਕ, ਧਾਰਮਕ, ਉੱਨਤੀ ਕਰ ਜਾਣਾ, ਹੀ ਮਨੁੱਖ ਦਾ ਆਦਰਸ਼ ਹੈ। ਪੂਰਨ ਵਿਕਾਸ ਮਨੁੱਖ ਦਾ ਆਦਰਸ਼ ਹੈ। ਇਸੇ ਆਦਰਸ਼ ਨੂੰ 'ਮੁਕਤੀ' ਜਾਂ 'ਪ੍ਰਭੂ-ਮਿਲਾਪ' ਆਦਿ ਕਿਹਾ ਗਿਆ ਹੈ। ਇਸ ਸ਼ਬਦ ਵਿਚ ਵੀ ਮਨੁੱਖੀ ਆਦਰਸ਼ ਇਹੋ ਹੈ।

(੨) ਇਸ ਆਦਰਸ਼ ਦੀ ਪ੍ਰਾਪਤੀ ਗੁਰੂ ਦੀ ਸਹਾਇਤਾ ਨਾਲ ਹੀ ਸਕਦੀ ਹੈ।

'ਤਾਕੀ ਗਤਿ ਮਿਤਿ ਅਵਰੁ ਨ ਜਾਣੈ, ਗੁਰ ਬਿਨੁ ਸਮਝ ਨ ਹੋਈ ॥'
'ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ,
ਗੁਰਮੁਖਿ ਅਕਥ ਕਹਾਨੀ ॥''

(੩) ਗੁਰੂ 'ਗਿਆਨ' ਦਿੰਦਾ ਹੈ ਅਤੇ ਉਹ ਗਿਆਨ ਮਨੁੱਖ ਨੂੰ ਪਰਮਗਤਿ ਤੀਕ ਲੈ ਜਾਂਦਾ ਹੈ।

'ਐਸਾ ਗਿਆਨੁ ਬੀਚਾਰੈ ਕੋਈ'

ਇਹ ਗਿਆਨ 'ਸ਼ਬਦ' ਹੈ, ਗੁਰੂ ਦਾ ਸ਼ਬਦ ਇਹੋ ਨਾਮ ਹੈ। ਇਸ ਨਾਮ ਨਾਲ ਲਿਵ ਲਾਉਣ ਕਰਕੇ ਭਾਵ ਇਸ ਗਿਆਨ ਨੂੰ ਜੀਵਨ ਆਦਰਸ਼ ਸਮਝਣ ਨਾਲ 'ਪਰਮਗਤਿ' ਪ੍ਰਾਪਤ ਹੁੰਦੀ ਹੈ। ਇਹੋ ਨਾਮ ਸਿਮਰਨ ਹੈ। ਇਹੋ ਬ੍ਰਹਮ ਗਿਆਨ ਹੈ, ਇਹੋ ਲਿਵ ਤੇ ਧਿਆਨ ਹੈ।

(੪) ਫਿਰ, ਨਾਮ ਜਾਂ ਗਿਆਨ ਕੀ ਹੋਇਆ? ਸਾਰੇ ਸ਼ਬਦ ਵਿਚ ਗਿਆਨ ਦਾ ਸਰੂਪ ਇਹ ਦ੍ਰਿੜ੍ਹ ਵਿਸ਼ਵਾਸ ਮੰਨਿਆ ਹੈ ਕਿ ਸਾਰਾ ਬ੍ਰਹਮੰਡ 'ਏਕ' ਹੈ, ੧ਓ ਦਾ ਪਸਾਰਾ ਹੈ ਤੇ 'ਦ੍ਵੈਤ' ਕਿਧਰੇ ਨਹੀਂ ਹੈ। ਦੇਖਣ ਵਿਚ ਆਕਾਰ, ਪਰਕਾਰ, ਰੂਪ, ਰੰਗ ਤੇ ਗੁਣਾਂ ਦੀ ਭਿੰਨਤਾ ਜਾਪਦੀ ਹੈ ਪਰ ਅਸਲ ਵਿਚ ਭਿੰਨਤਾ ਹੈ ਨਹੀਂ, ਕਿਉਂਕਿ ਸਭ ਦਾ ਅਸਲ ਆਧਾਰ ਕੇਵਲ 'ਪ੍ਰਭੂ-ਸਤਾ' ਹੈ। ਤਾਂ ਤੇ ਸਭ ਵਿਚ ਪ੍ਰਭੂ-ਸ਼ਕਤੀ ਨੂੰ ਪਛਾਣ ਸਕਣਾ ਹੀ ਗਿਆਨ ਜਾਂ ਨਾਮ ਹੈ। ਉਦਾਹਰਣਾਂ ਦੇ ਤੌਰ ਤੇ ਇਹ ਵਿਸ਼ਵਾਸ ਕਰ ਸਕਣਾ ਕਿ—

'ਸਾਗਰ ਮਹਿ ਬੂੰਦ, ਬੂੰਦ, ਮਹਿ ਸਾਗਰੁ'
'ਦਿਨ ਮਹਿ ਰੈਣਿ, ਰੈਣਿ ਮਹਿ ਦਿਨੀਅਰਿ'
'ਉਸਨ ਸੀਤ ਬਿਧਿ ਸੋਈ'
'ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ'
'ਮਨ ਮਹਿ ਜੋਤਿ, ਜੋਤਿ ਮਹਿ ਮਨੂਆ'

ਸਾਗਰ ਤੇ ਬੂੰਦ ਵਿਚ ਗੁਣ ਇਕੋ ਹਨ, ਆਕਾਰ ਦਾ ਫ਼ਰਕ ਹੈ; ਦਿਨ ਤੇ ਰਾਤ ਇਕੋ ਹਨ; ਗਰਮੀ ਤੇ ਸਰਦੀ ਇਕੋ ਹਨ, ਹਰਾਰਤ ਦੇ ਦਰਜੇ ਦਾ ਫ਼ਰਕ ਹੈ; ਮਨੁੱਖ ਦੇ ਬੀਜ ਵਿਚੋਂ ਹੀ ਇਸਤਰੀ ਦੀ ਉਤਪਤੀ ਹੈ ਅਤੇ ਪੁਰਖ ਇਸਤਰੀ ਦੇ ਪੇਟ ਵਿਚੋਂ ਹੀ ਪੈਦਾ ਹੁੰਦਾ ਹੈ, ਮਨ ਵਿਚ ਪ੍ਰਭੂ ਹੈ ਅਤੇ ਪ੍ਰਭੂ ਵਿਚੋਂ ਹੀ ਮਨ ਉਪਜਿਆ ਹੈ। ਸਭ ਏਕਤਾ ਹੈ। ਨਾ ਕੋਈ ਚੰਗਾ ਹੈ, ਨਾ ਬੁਰਾ—ਜੀਵ ਚੰਗਿਆਈ ਦੇ ਵੱਖੋ ਵੱਖ ਪੱਧਰਾਂ ਤੇ ਖੜ੍ਹੇ ਹਨ ਅਤੇ ਚੰਗਿਆਈ ਵਲ ਜਾ ਰਹੇ ਹਨ। ਵਿਕਾਸ ਹੀ ਬ੍ਰਹਮੰਡ ਦਾ ਸਿਧਾਂਤ ਹੈ। ਪਾਪੀ ਵਿਚ ਤੇ ਪੁੰਨੀ ਵਿਚ ਇਕੋ ਸ਼ਕਤੀ ਕੰਮ ਕਰ ਰਹੀ ਹੈ ਪਰ ਉਹ ਪ੍ਰਭਤਾ ਦੇ ਵੱਖੋ ਵੱਖ ਪੱਧਰਾਂ ਤੇ ਹਨ।

(੫) ਸੋ ਨਾਮ ਸਿਮਰਨ, ਲਿਵ, ਭਗਤੀ ਤੇ ਬ੍ਰਹਮ ਗਿਆਨ 'ਏਕਤਾ' ਜਾਂ 'ਅਦ੍ਵੈਤ' ਦਾ ਵਿਸ਼ਵਾਸ ਅਤੇ ਅਮਲ ਹੈ। ਇਸ ਅਮਲ ਵਿਚ ਵਿਸ਼ੇਸ਼ ਵਤੀਰਾ ਢਲਣਾ ਹੈ ਅਤੇ ਵਿਸ਼ੇਸ਼ ਸਦਾਚਾਰ ਉਪਜਣਾ ਹੈ। ਐਸਾ ਬ੍ਰਹਮ ਗਿਆਨੀ, ਕਿਸੇ ਨਾਲ ਕਿਸੇ ਗੱਲ ਕਾਰਨ ਵਿਤਕਰਾ ਨਹੀਂ ਕਰ ਸਕਦਾ। ਇਹ ਨਾ ਕੇਵਲ 'ਨਿਰਵੈਰਤਾ' ਦਾ ਵਤੀਰਾ ਹੈ, ਸਗੋਂ ਸਭ ਨੂੰ ਪਿਆਰਨ ਦਾ ਵਤੀਰਾ ਹੈ। ਸਭ ਵਿਚ ਪ੍ਰਭੂ ਇਕੋ ਤਰ੍ਹਾਂ ਵਿਆਪਕ ਹੈ। ਫਿਰ ਵੈਰ-ਵਿਤਕਰਾ ਕਿਸ ਨਾਲ ਹੋ ਸਕਦਾ ਹੈ। ਐਸਾ ਬ੍ਰਹਮ ਗਿਆਨੀ ਰੰਗ, ਬੂ, ਨਸਲ,

ਦੇਸ਼, ਬੋਲੀ, ਸਭਿਆਚਾਰਕ ਭੇਦ ਕਰਕੇ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਕਿ
ਗਿਆਨੀ ਕਿਸੇ ਤੋਂ ਡਰਦਾ ਨਹੀਂ ਹੈ ਅਤੇ ਕਿਸੇ ਨੂੰ ਡਰਾਉਂਦਾ ਨਹੀਂ ਹੈ। ਇਹ ਚੋ
ਤੇ ਡਾਕੂਆਂ ਵਿਚ ਵੀ ਰੱਬ ਨੂੰ ਪਛਾਣ ਲੈਂਦਾ ਹੈ। ਇਹ ਘਿਰਣਾ ਕਿਸੇ ਨਾਲ ਨ
ਕਰਦਾ ਸਗੋਂ ਹਮਦਰਦੀ ਕਰਦਾ ਹੈ, ਜਿਵੇਂ ਭਰਾ ਆਪਣੇ ਗ਼ਰੀਬ ਜਾਂ ਨਿਰਬਲ ਭ
ਨਾਲ ਕਰਦਾ ਹੈ। ਜਿਵੇਂ ਅਸੀਂ ਕਿਸੇ ਬੀਮਾਰ ਨਾਲ ਗ਼ੁੱਸੇ ਨਹੀਂ ਹੁੰਦੇ ਕਿ ਉਹ ਬੀਮ
ਕਿਉਂ ਹੈ, ਸਗੋਂ ਉਸ ਨਾਲ ਪਿਆਰ ਕਰਦੇ ਹਾਂ ਕਿ ਉਹ ਰਾਜ਼ੀ ਹੋਵੇ, ਤਿਵੇਂ ਬ੍ਰ
ਗਿਆਨੀ, ਚੋਰ ਤੇ ਪਾਪੀ ਨਾਲ ਪਿਆਰ ਕਰਦਾ ਹੈ, ਉਸ ਨੂੰ ਮਾਨਸਕ ਰੋਗੀ ਸਮ
ਕੇ।

ਗਿਆਨ ਜਾਂ ਨਾਮ ਸਦਾਚਾਰਕ ਵਤੀਰਾ ਹੈ। ਨਾਮ ਨਿਰਭੈਤਾ ਤੇ ਨਿਰਵੈਰਤਾ ਹੈ
ਇਹੋ ਪਰਮਾਤਮਾ ਦੇ ਗੁਣ ਹਨ; ਇਹੋ ਪਰਮਾਤਮਾ ਦਾ ਮਿਲਾਪ ਹੈ; ਇਹੋ ਮੁਕਤੀ
ਪਰਮਗਤੀ ਹੈ।

ਸੋ ਨਾਮ ਸਦਾਚਾਰਕ ਗੁਣਾਂ ਦਾ ਸਿਧਾਂਤ ਹੈ।

---

## ਰਾਮਕਲੀ ਮਹਲਾ ੧

### ੧੦.

ਜਾ ਹਰਿ ਪ੍ਰਭ ਕਿਰਪਾ ਧਾਰੀ ॥
ਤਾ ਹਉਮੈ ਵਿਚਹੁ ਮਾਰੀ ॥
ਸੋ ਸੇਵਕਿ ਰਾਮ ਪਿਆਰੀ ॥
ਜੋ ਗੁਰ ਸਬਦੀ ਬੀਚਾਰੀ ॥ ੧ ॥
ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਲਾਜ ਛੋਡਿ ਹਰਿ ਕੇ ਗੁਣ ਗਾਵੈ ॥ ੧ ॥ ਰਹਾਉ ॥
ਧੁਨਿ ਵਾਜੇ ਅਨਹਦ ਘੋਰਾ ॥
ਮਨੁ ਮਾਨਿਆ ਹਰਿ ਰਸਿ ਮੋਰਾ ॥
ਗੁਰ ਪੂਰੈ ਸਚੁ ਸਮਾਇਆ ॥
ਗੁਰੁ ਆਦਿ ਪੁਰਖੁ ਹਰਿ ਪਾਇਆ ॥ ੨ ॥
ਸਭਿ ਨਾਦ ਬੇਦ ਗੁਰਬਾਣੀ ॥
ਮਨੁ ਰਾਤਾ ਸਾਰਿਗ ਪਾਣੀ ॥
ਤਹ ਤੀਰਥ ਵਰਤ ਤਪ ਸਾਰੇ ॥
ਗੁਰਿ ਮਿਲਿਆ ਹਰਿ ਨਿਸਤਾਰੇ ॥ ੩ ॥
ਜਹ ਆਪੁ ਗਇਆ ਭਉ ਭਾਗਾ ॥
ਗੁਰ ਚਰਣੀ ਸੇਵਕੁ ਲਾਗਾ ॥
ਗੁਰਿ ਸਤਿਗੁਰਿ ਭਰਮੁ ਚੁਕਾਇਆ ॥
ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥

ਇਸ ਸ਼ਬਦ ਵਿਚੋਂ ਇਹ ਗੱਲਾਂ ਸਪਸ਼ਟ ਹੁੰਦੀਆਂ ਹਨ :

(੧) ਗੁਰੂ ਦਾ ਸੰਦੇਸ਼ਾ ਜੋ ਬਾਣੀ ਦੇ ਰੂਪ ਵਿਚ ਉਸ ਨੇ ਸੰਸਾਰ ਨੂੰ ਦਿੱਤਾ ਹੈ, ਬੜਾ ਮਹਾਨ ਹੈ। ਇਸ ਵਿਚ ਹੀ ਸੰਸਾਰ ਦੀ ਕਲਿਆਣ ਦਾ ਭੇਦ ਦੱਸਿਆ ਗਿਆ ਹੈ। ਜੋ ਗੁਰੂ ਦਾ ਸ਼ਬਦ ਹੈ, ਇਹ ਹੀ ਪ੍ਰਭੂ ਦੀ ਸੰਸਾਰ ਤੇ ਕਿਰਪਾ ਹੈ। ਪ੍ਰਭੂ ਗੁਰੂ-ਸ਼ਬਦ ਰਾਹੀਂ ਹੀ ਸੰਸਾਰ ਦੀ ਕਲਿਆਣ ਦਾ ਭੇਦ ਸੰਸਾਰੀ ਲੋਕਾਂ ਨੂੰ ਦਿੰਦਾ ਹੈ।

ਸਭਿ ਨਾਦ ਬੇਦ ਗੁਰਬਾਣੀ ॥
ਮਨੁ ਰਾਤਾ ਸਾਰਿਗ ਪਾਣੀ ॥
ਤਹ ਤੀਰਥ ਵਰਤ ਤਪ ਸਾਰੇ ॥
ਗੁਰ ਮਿਲਿਆ ਹਰਿ ਨਿਸਤਾਰੇ ॥

ਗੁਰੂ ਦੀ ਬਾਣੀ ਮਨੁੱਖ ਦਾ ਭਰਮ ਨਾਸ਼ ਕਰਦੀ ਹੈ ਅਤੇ ਉਸ ਨੂੰ ਪ੍ਰਭੂ ਅਸਲੀਅਤ ਦੀ ਸੋਝੀ ਦਿੰਦੀ ਹੈ।

ਗੁਰਿ ਸਤਿਗੁਰਿ ਭਰਮੁ ਚੁਕਾਇਆ ॥
ਕਹੁ ਨਾਨਕ ਸਬਦਿ ਮਿਲਾਇਆ ॥

ਗੁਰੂ ਸ਼ਬਦ ਦੁਆਰਾ ਹੀ ਪ੍ਰਭੂ ਨਾਲ ਪਿਆਰ ਬਣ ਸਕਦਾ ਹੈ :

ਸੋ ਸੇਵਕਿ ਰਾਮ ਪਿਆਰੀ ॥
ਜੋ ਗੁਰ ਸਬਦੀ ਬੀਚਾਰੀ ॥

ਗੁਰੂ ਦੁਆਰਾ ਹੀ ਪ੍ਰਭੂ ਨਾਲ ਮਿਲਾਪ ਹੁੰਦਾ ਹੈ :

ਗੁਰ ਪੂਰੇ ਸਚੁ ਸਮਾਇਆ ॥
ਗੁਰੁ ਆਦਿ ਪੁਰਖੁ ਹਰਿ ਪਾਇਆ ॥

(੨) ਗੁਰੂ ਮਨੁੱਖ ਨੂੰ ਭਗਤੀ ਦਿੰਦਾ ਹੈ :

ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ,
ਲਾਜ ਛੋਡਿ, ਹਰਿ ਕੇ ਗੁਣ ਗਾਵੈ ॥

ਜੋ ਮਨੁੱਖ ਦਿਨ ਰਾਤ ਪ੍ਰਭੂ-ਭਗਤੀ ਕਰਦਾ ਹੈ, ਉਹ ਸੇਵਕ ਬਣ ਜਾਂਦਾ ਹੈ, ਪ੍ਰਭੂ ਦਾ ਸੇਵਕ।

ਸੋ ਸੇਵਕਿ ਰਾਮ ਪਿਆਰੀ ॥
ਜੋ ਗੁਰ ਸਬਦੀ ਬੀਚਾਰੀ ॥

(੩) ਭਗਤ ਜਾਂ ਸੇਵਕ ਹੋਣ ਦੀ ਜ਼ਰੂਰੀ ਸ਼ਰਤ ਇਹ ਹੈ :

'ਜਾ ਹਰਿ ਪ੍ਰਭਿ ਕਿਰਪਾ ਧਾਰੀ ॥
ਤਾ ਹਉਮੈ ਵਿਚਹੁ ਮਾਰੀ ॥'

ਅਤੇ

ਜਹ ਆਪੁ ਗਇਆ ਭਉ ਭਾਗਾ ॥
ਗੁਰ ਚਰਣੀ ਸੇਵਕੁ ਲਾਗਾ ॥

ਭਾਵ ਇਹ ਹੈ ਕਿ ਭਗਤ ਜਾਂ ਸੇਵਕ ਉਹ ਹੈ ਜਿਸ ਵਿਚ ਹਉਮੈ ਜਾਂ ਆਪਾ-ਭਾਵ ਨਹੀਂ ਹੈ। ਇਹ ਭਗਤ ਆਪਾ-ਭਾਵ ਮਿਟਾ ਕੇ ਪ੍ਰਭੂ ਦੀ ਸੇਵਾ ਕਰਦਾ ਹੈ। ਇਹ ਜੀਵਾਂ ਨੂੰ ਪ੍ਰਭੂ ਦਾ ਰੂਪ ਜਾਣ ਕੇ ਉਹਨਾਂ ਦੀ ਸੇਵਾ ਕਰਦਾ ਹੈ। ਇਹ ਆਪ ਸੰਤੋਖੀ ਰਹਿੰਦਾ ਹੈ, ਮੰਦੇ ਪਾਸੇ ਨਹੀਂ ਜਾਂਦਾ, ਸੁਕ੍ਰਿਤ ਤੇ ਧਰਮ ਕਰਦਾ ਹੈ। ਜਿਥੇ ਹਉਮੈ, ਆਪਾ ਭਾਵ ਅਤੇ ਖ਼ੁਦਗਰਜ਼ੀ ਹੈ ਉਥੇ ਭਗਤੀ ਨਹੀਂ ਹੈ, ਜਿਥੇ ਲੋਕ-ਸੇਵਾ ਨਹੀਂ ਹੈ, ਉਥੇ ਭਗਤੀ ਨਹੀਂ ਹੈ; ਜਿੱਥੇ ਹੰਕਾਰ ਹੈ ਉੱਥੇ ਭਗਤੀ ਨਹੀਂ ਹੈ। ਇਹ ਸਾਰਾ ਵਤੀਰਾ ਗ਼ੈਰ ਸਮਾਜਕ ਹੈ।

ਹਉਮੈ ਦਾ ਤਿਆਗ ਉਹ ਕਰਦਾ ਹੈ ਜਿਸ ਦਾ ਭਰਮ ਨਾਸ਼ ਹੋ ਗਿਆ ਹੋਵੇ। ਭਰਮ ਨਾਸ਼ ਉਸ ਦਾ ਹੈ ਜਿਸ ਨੂੰ ਸਭ ਵਿਚ ਪਰਮਾਤਮਾ ਦਿਸਦਾ ਹੈ, ਭਾਵੇਂ ਕੋਈ ਕਿਸੇ ਧਰਮ, ਦੇਸ਼, ਸਭਿਅਤਾ, ਵਰਗ, ਆਸ਼ਰਮ, ਜ਼ਾਤ ਦਾ ਹੈ। ਸਭ ਨੂੰ ਪਰਮਾਤਮਾ ਸਮਝ ਕੇ ਸਤਕਾਰਨਾ ਭਗਤੀ ਹੈ। ਇਹ ਹਉਮੈ ਨਾਸ਼ ਅਵਸਥਾ ਹੈ।

ਇਸ ਅਵਸਥਾ ਦੀ ਪ੍ਰਾਪਤੀ ਹੀ ਪ੍ਰਭੂ ਕਿਰਪਾ ਹੈ।

(੪) ਸੋ ਭਗਤੀ ਜਾਂ ਨਾਮ-ਸਿਮਰਨ ਦਾ ਸਰੂਪ ਇਕ ਸ਼ਖ਼ਸੀਅਤ ਦਾ ਪੱਧਰ ਹੀ ਸਿੱਧ ਹੋਇਆ। ਉਹ ਸ਼ਖ਼ਸੀਅਤ ਜੋ ਸਭ ਦਾ ਸਤਿਕਾਰ ਕਰਦੀ ਹੈ; ਜੋ ਸਭ ਨੂੰ ਪਿਆਰ ਕਰਦੀ ਹੈ ਅਤੇ ਸਭ ਦੀ ਸੇਵਾ ਲਈ ਤੱਤਪਰ ਹੈ। ਨਾਮ-ਭਗਤੀ ਮਨੁੱਖੀ ਵਤੀਰਾ ਹੈ ਜਿਸ ਵਿਚ ਆਦਰਸ਼ਕ ਮਨੁੱਖੀ ਗੁਣ ਸ਼ਾਮਲ ਹਨ।

# ਸ੍ਰੀ ਗੁਰੂ ਅਮਰ ਦਾਸ ਜੀ
# ਗਉੜੀ ਗੁਆਰੇਰੀ ਮਹਲਾ ੩.

# ਗਉੜੀ ਗੁਆਰੇਰੀ ਮਹਲਾ ੩

੧.

ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥
ਸਚਿ ਨਿਵਾਸੁ ਕਰੇ ਸਚੁ ਸੋਇ ॥
ਸਚੀ ਬਾਣੀ ਜੁਗ ਚਾਰੇ ਜਾਪੈ ॥
ਸਭ ਕਿਛੁ ਸਾਚਾ ਆਪੇ ਆਪੈ ॥ ੧ ॥
ਕਰਮੁ ਹੋਵੈ ਸਤਸੰਗਿ ਮਿਲਾਏ ॥
ਹਰਿ ਗੁਣ ਗਾਵੈ ਬੈਸਿ ਸੁ ਥਾਏ ॥ ੧ ॥ ਰਹਾਉ ॥
ਜਲਉ ਇਹ ਜਿਹਵਾ ਦੂਜੈ ਭਾਇ ॥
ਹਰਿ ਰਸੁ ਨ ਚਾਖੈ ਫੀਕਾ ਆਲਾਇ ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥
ਬਿਨੁ ਨਾਵੈ ਦੁਖੀਆ ਚਲਿਆ ਰੋਇ ॥ ੨ ॥
ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥
ਗੁਰ ਕਿਰਪਾ ਤੇ ਸਚਿ ਸਮਾਇ ॥
ਸਾਚੇ ਰਾਤੀ ਗੁਰ ਸਬਦੁ ਵੀਚਾਰ ॥
ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥
ਨਾਮਿ ਸਮਾਵੈ ਜੋ ਭਾਡਾ ਹੋਇ ॥
ਊਂਧੈ ਭਾਂਡੈ ਟਿਕੈ ਨ ਕੋਇ ॥
ਗੁਰਸਬਦੀ ਮਨਿ ਨਾਮਿ ਨਿਵਾਸੁ ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥ ੪ ॥ ੩ ॥ ੨੩ ॥

ਇਸ ਸ਼ਬਦ ਵਿਚ ਵਿਚਾਰ ਇਸ ਪ੍ਰਕਾਰ ਹਨ :—

(੧) ਸਤਸੰਗਤ ਉੱਤਮ ਥਾਂ ਹੈ ਜਿਥੇ ਬੈਠਣ ਨਾਲ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ ਅਤੇ ਉਸ ਦੇ ਹਿਰਦੇ ਵਿਚ ਸਚਾਈ ਪਰਵੇਸ਼ ਕਰਦੀ ਹੈ। ਇਹ ਸੱਚ ਉਸ ਦੇ ਹਰ ਕਰਤੱਵ ਵਿਚੋਂ ਪ੍ਰਗਟ ਹੁੰਦਾ ਹੈ। ਉਸ ਦੀ ਬਾਣੀ ਵਿਚ ਸਚ ਪਰਵੇਸ਼ ਕਰਦਾ ਹੈ ਅਤੇ ਉਹ ਬਾਣੀ ਸਦੀਵ ਕਾਲ ਲਈ ਸਤਿਕਾਰੀ ਜਾਂਦੀ ਹੈ। ਸਚ ਹੀ ਪਰਮਾਤਮਾ ਹੈ।

ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥
ਸਚਿ ਨਿਵਾਸੁ ਕਰੇ ਸਚੁ ਸੋਇ ॥
ਸਚੀ ਬਾਣੀ ਜੁਗ ਚਾਰੇ ਜਾਪੈ ॥
ਸਭੁ ਕਿਛੁ ਸਾਚਾ ਆਪੇ ਆਪੈ ॥

ਤਾਂ ਤੇ ਪਰਮਾਤਮਾ ਦੀ ਬੜੀ ਬਖ਼ਸ਼ਸ਼ ਇਹ ਹੈ ਕਿ ਉਹ ਕਿਸੇ ਨੂੰ ਸੰਗਤ ਵਿਚ ਬਿਠਾ ਦੇਵੇ ਜਿਥੇ ਉਸ ਦੇ ਗੁਣ ਗਾਏ ਜਾਂਦੇ ਹਨ। ਇਹ ਹੀ ਉੱਤਮ ਥਾਂ ਹੈ।

(੨) ਸਤਸੰਗਤ ਗੁਰੂ ਦੀ ਸੰਗਤ ਹੈ। ਸਤਸੰਗਤ ਬਾਣੀ ਦੀ ਵਿਚਾਰ ਹੈ। ਬਾਣੀ ਦਾ ਕੀਰਤਨ ਹੈ। ਜਦੋਂ ਜੀਭ ਗੁਰਬਾਣੀ ਦੇ ਵਿਚਾਰ ਤੇ ਉਚਾਰ ਵਿਚ ਲਗਦੀ ਹੈ ਤਾਂ ਉਸ ਨੂੰ ਹਰੀ ਰਸ ਪ੍ਰਾਪਤ ਹੁੰਦਾ ਹੈ, ਉਹ ਸਚਾਈ ਵਿਚ ਲੀਨ ਹੁੰਦੀ ਹੈ, ਉਸ ਨੂੰ ਅੰਮ੍ਰਿਤੁ ਮਿਲਦਾ ਹੈ ਤੇ ਉਹ ਨਿਰਮਲ ਹੁੰਦੀ ਹੈ ਕਿਉਂਕਿ ਹਰਿ ਰਸ ਹੀ ਅੰਮ੍ਰਿਤ ਹੈ ਅਤੇ ਨਿਰਮਲ ਧਾਰ ਹੈ।

ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥
ਗੁਰ ਕਿਰਪਾ ਤੇ ਸਚਿ ਸਮਾਇ ॥
ਸਾਚੇ ਰਾਤੀ ਗੁਰ ਸਬਦੁ ਵੀਚਾਰ ॥
ਅੰਮ੍ਰਿਤੁ ਪੀਵੈ ਨਿਰਮਲ ਧਾਰ ॥

(੩) ਜੋ ਜੀਭ ਗੁਰੂ ਮਿਲਾਪ ਦੁਆਰਾ ਨਾਮ ਬਾਣੀ ਵਿਚ ਲਗਦੀ ਹੈ, ਉਸ ਦੁਆਰਾ ਹਿਰਦੇ 'ਚ ਨਾਮ ਪ੍ਰਵੇਸ਼ ਕਰਦਾ ਹੈ। ਗੁਰਬਾਣੀ ਦੀ ਕਿਰਪਾ ਨਾਲ ਹੀ ਹਿਰਦਾ ਨਿਰਮਲ ਹੁੰਦਾ ਹੈ ਅਤੇ ਨਿਰਮਲ ਹਿਰਦੇ ਵਿਚ ਹੀ ਨਾਮ ਨਿਵਾਸ ਕਰਦਾ ਹੈ। ਹਿਰਦਾ ਉਹ ਹੀ ਨਿਰਮਲ ਹੁੰਦਾ ਹੈ ਜਿਸ ਵਿਚ ਗੁਰਬਾਣੀ ਲਈ ਪਿਆਸ ਹੈ। ਬਾਣੀ ਵਿਚ ਲੱਗੀ ਜੀਭ ਹੀ ਹਿਰਦੇ ਨੂੰ ਪਵਿੱਤਰ ਕਰਦੀ ਹੈ ਅਤੇ ਨਾਮ ਨੂੰ ਹਿਰਦੇ ਵਿਚ ਸਥਿਰ ਕਰਦੀ ਹੈ।

ਨਾਮੁ ਸਮਾਵੈ ਜੋ ਭਾਡਾ ਹੋਇ ॥
ਊਂਧੈ ਭਾਂਡੈ ਟਿਕੈ ਨ ਕੋਇ ॥
ਗੁਰ ਸਬਦੀ ਮਨਿ ਨਾਮਿ ਨਿਵਾਸੁ ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥

(੪) ਪਰ ਇਹ ਨਾਮ ਹੈ ਕੀ? ਇਸ ਗੱਲ ਦਾ ਪਤਾ ਇਸ ਬੰਦ ਵਿਚੋਂ ਲਗਦਾ ਹੈ :—

ਜਲਉ ਇਹ ਜਿਹਵਾ ਦੂਜੈ ਭਾਇ ॥
ਹਰਿ ਰਸੁ ਨ ਚਾਖੈ ਫੀਕਾ ਆਲਾਇ ॥
ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥
ਬਿਨੁ ਨਾਵੈ ਦੁਖੀਆ ਚਲਿਆ ਰੋਇ ॥

ਨਾਮ ਦ੍ਵੈਤ ਅਤੇ ਫਿੱਕੇ-ਪਨ ਦਾ ਤਿਆਗ ਹੈ। ਨਾਮ ਸਚਾਈ ਤੇ ਪਵਿੱਤਰਤਾ ਦਾ ਗ੍ਰਹਿਣ ਕਰਨਾ ਹੈ (ਸੁ ਥਾਉ ਸਚੁ ਮਨੁ ਨਿਰਮਲੁ ਹੋਇ)। ਜਿਥੇ ਦ੍ਵੈਤ ਹੈ, ਉਥੇ ਕਪਟ ਜਾਂ ਅਪਵਿੱਤਰਤਾ ਵੀ ਹੈ। ਦ੍ਵੈਤ ਹੈ, ਪਰਮਾਤਮਾ ਨੂੰ ਸਭ ਵਿਚ ਵਿਆਪਕ ਨ ਮੰਨਣਾ, ਸੱਚ ਨੂੰ ਛੱਡ ਕੇ ਝਠ ਦੇ ਵਿਚਾਰ ਵਿਚ ਪੈਣਾ, ਆਤਮਕ ਤੇ ਸਦਾਚਾਰਕ ਕੀਮਤਾਂ ਨੂੰ ਛੱਡ ਕੇ ਮਾਇਆ ਵਿਚ ਪ੍ਰਵਿਰਤ ਹੋਣਾ, ਬੋਲੀ, ਰੰਗ, ਨਸਲ, ਦੇਸ਼, ਕੌਮ, ਤੇ ਜਾਤ ਦੇ ਵਿਤਕਰੇ ਕਰਨਾ, ਖ਼ੁਦਗਰਜ਼ ਹੋਣਾ। ਇਹ ਦ੍ਵੈਤ ਹੀ ਮਨੁੱਖੀ ਵਿਹਾਰ ਨਾਲ ਫਿੱਕਾ-ਪਨ ਪੈਦਾ

ਕਰਦੀ ਹੈ—ਮਨੁੱਖ ਦਾ ਵਤੀਰਾ ਦੂਜਿਆਂ ਨਾਲ ਫਿੱਕਾ, ਕੌੜਾ ਤੇ ਕਰੜਾ ਹੋ ਜਾਂਦਾ ਹੈ ਕਿਉਂਕਿ ਉਹ ਦੂਜਿਆਂ ਨੂੰ ਹੋਰ ਸਮਝਦਾ ਹੈ, ਘਟੀਆ ਵਧੀਆ ਸਮਝਦਾ ਹੈ, ਉੱਚਾ ਨੀਵਾਂ ਮੰਨਦਾ ਹੈ, ਉਹਨਾਂ ਦਾ ਧਨ ਆਪਣੇ ਘਰ ਪਾ ਲੈਣਾ ਚਾਹੁੰਦਾ ਹੈ। ਇਹ ਮਨੁੱਖ ਨਿਰਭਉ ਤੇ ਨਿਰਵੈਰ ਨਹੀਂ ਹੋ ਸਕਦਾ। ਪਰ ਨਾਮ ਨਿਰਭਉ ਤੇ ਨਿਰਵੈਰ ਹੈ। ਨਾਮ ਮਿਠਾਸ ਹੈ। ਨਾਮ ਵਾਲਾ ਵਤੀਰਾ ਹਰ ਕਿਸੇ ਨਾਲ ਏਕਤਾ ਤੇ ਮਿਠਾਸ ਦਾ ਹੈ। ਉਹ ਹਰ ਕਿਸੇ ਨੂੰ ਇਕ ਜੋਤਿ ਸਮਝਦਾ ਹੈ ਤੇ ਉਸ ਨੂੰ ਪਿਆਰ ਕਰਦਾ ਹੈ।

ਇਹ ਨਾਮ ਬਿਨਾਂ ਮਨੁੱਖ ਦੁਖੀ ਹੁੰਦਾ ਹੈ। ਸੋ ਸਾਰੇ ਸ਼ਬਦ ਵਿਚੋਂ ਨਾਮ ਦਾ ਸਰੂਪ ਦੂਜਿਆਂ ਨਾਲ ਮਿੱਠਾ, ਨਿਰਮਲ, ਪਵਿੱਤਰ ਵਤੀਰਾ ਹੈ, ਜਿਸ ਦਾ ਆਧਾਰ ਨਿਰਵੈਰਤਾ ਹੈ। ਨਾਮ ਨਿਰਵੈਰਤਾ ਤੇ ਮਿਠਾਸ ਹੈ।

---

## ਗਉੜੀ ਗੁਆਰੇਰੀ ਮਹਲਾ ੩

੨.

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ॥
ਸਾਚੀ ਬਾਣੀ ਸਬਦ ਬੀਚਾਰੁ॥੧॥
ਗਾਵਤ ਰਹੈ ਜੇ ਸਤਿਗੁਰ ਭਾਵੈ॥
ਮਨੁ ਤਨੁ ਰਾਤਾ ਨਾਮਿ ਸੁਹਾਵੈ॥ ੧ ।ਰਹਾਉ॥
ਇਕਿ ਗਾਵਹਿ ਇਕਿ ਭਗਤਿ ਕਰੇਹਿ॥
ਨਾਮੁ ਨ ਪਾਵਹਿ ਬਿਨੁ ਅਸਨੇਹ॥
ਸਚੀ ਭਗਤਿ ਗੁਰ ਸਬਦ ਪਿਆਰਿ॥
ਅਪਨਾ ਪਿਰੁ ਰਾਖਿਆ ਸਦਾ ਉਰਿਧਾਰਿ॥ ੨॥
ਭਗਤਿ ਕਰਹਿ ਮੂਰਖ ਆਪੁ ਜਣਾਵਹਿ॥
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ॥
ਨਚਿਐ ਟਪਿਐ ਭਗਤਿ ਨ ਹੋਇ॥
ਸਬਦਿ ਮਰੈ ਭਗਤਿ ਪਾਏ ਜਨੁ ਸੋਇ॥ ੩॥
ਭਗਤਿ ਵਛਲੁ ਭਗਤਿ ਕਰਾਏ ਸੋਇ॥
ਸਚੀ ਭਗਤਿ ਵਿਚਹੁ ਆਪੁ ਖੋਇ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ॥
ਨਾਨਕ ਬਖਸੇ ਨਾਮੁ ਪਛਾਣੈ॥੪॥੪॥੨੪॥

(੧) ਇਸ ਸ਼ਬਦ ਵਿਚ ਵਿਸ਼ੇਸ਼ ਵਿਚਾਰ ਇਹ ਹੈ ਕਿ ਭਗਤੀ ਤਾਂ ਬੜੀ ਉੱਤਮ

ਚੀਜ਼ ਹੈ, ਪਰ ਹਰ ਰਸਮੀ ਕਰਤੱਵ ਭਗਤੀ ਨਹੀਂ ਕਿਹਾ ਜਾ ਸਕਦਾ। ਰਾਸਾਂ ਪਾਈਆਂ ਜਾਂਦੀਆਂ ਹਨ, ਕੀਰਤਨ ਹੁੰਦੇ ਹਨ, ਨੱਚਣਾ ਟੱਪਣਾ ਵੀ ਭਗਤੀ ਵਜੋਂ ਹੁੰਦਾ ਹੈ।

ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ।
ਨਚਿਐ ਟਪਿਐ ਭਗਤਿ ਨ ਹੋਇ ॥

ਇਹ ਕਰਨੀ ਇਸ ਵਾਸਤੇ ਭਗਤੀ ਨਹੀਂ ਬਣਦੀ ਕਿਉਂਕਿ ਇਹਨਾਂ ਸਾਰੇ ਕਰਤੱਵਾਂ ਵਿਚ ਹੰਕਾਰ ਬਣਿਆ ਰਹਿੰਦਾ ਹੈ—ਆਪਣੀ ਹੋਂਦ ਦਾ ਮਾਣ ਬਣਿਆ ਰਹਿੰਦਾ ਹੈ ਕਿ ਮੈਂ ਸ਼ਾਸਤ੍ਰਾਂ ਦੇ ਕਰਤਵ ਕਰਦਾ ਹਾਂ, ਜਾਂ ਮੈਂ ਇਹ ਤੇ ਉਹ ਕੀਤਾ ਹੈ। ਜਿਥੇ ਹਉਮੈ ਹੈ, ਉਥੇ ਕੁਝ ਵੀ ਪ੍ਰਾਪਤ ਨਹੀਂ ਹੋਇਆ ਸਮਝਣਾ ਚਾਹੀਦਾ। 'ਹਉਮੈ ਵਿਚਿ ਗਾਵਹਿ, ਬਿਰਥਾ ਜਾਇ।'

(੨) ਤਾਂ ਤੇ ਭਗਤੀ ਜਾਂ ਨਾਮ-ਸਿਮਰਨ ਇਹ ਹੈ ਕਿ ਉਸ ਦਸ਼ਾ ਵਿਚ ਆਪਣਾ ਆਪ ਗੰਵਾ ਦਿੱਤਾ ਜਾਏ। ਤਦ ਹੀ ਭਗਤੀ ਕੋਈ ਰਸ ਪੈਦਾ ਕਰਦੀ ਹੈ।

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥

(੩) ਭਗਤੀ ਤਾਂ ਉਹ ਹੈ ਜੋ ਪ੍ਰੇਮ ਨਾਲ ਕੀਤੀ ਜਾਏ।

ਇਕਿ ਗਾਵਹਿ ਇਕਿ ਭਗਤਿ ਕਰਹਿ ॥
ਨਾਮੁ ਨ ਪਾਵਹਿ ਬਿਨੁ ਅਸਨੇਹ ॥

(੪) ਸੱਚੀ ਭਗਤੀ ਦੀ ਸਮਝ ਗੁਰ-ਸ਼ਬਦ ਵਿਚੋਂ ਆਉਂਦੀ ਹੈ। ਸ਼ਬਦ ਮਨੁੱਖ ਦੇ ਹੰਕਾਰ ਨੂੰ ਨਾਸ਼ ਕਰਦਾ ਹੈ।

ਨਚਿਐ ਟਪਿਐ ਭਗਤਿ ਨ ਹੋਇ ॥
ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥

ਸ਼ਬਦ ਹੀ ਮਨੁੱਖ ਨੂੰ ਨਾਮ ਦੀ ਪਛਾਣ ਦਿੰਦਾ ਹੈ।

ਮੇਰਾ ਪ੍ਰਭੁ ਸਾਕਾ ਸਭ ਬਿਧਿ ਜਾਣੈ ॥
ਨਾਨਕ ਬਖਸੇ ਨਾਮੁ ਪਛਾਣੈ ॥

(੫) ਤਾਂ ਤੇ, ਫਿਰ, ਨਾਮ ਕੀ ਹੋਇਆ? ਇਸ ਸ਼ਬਦ ਵਿਚੋਂ ਇਹ ਪਤਾ ਲੱਗਦਾ ਹੈ ਕਿ ਜਿੰਨੇ ਤੀਕ ਮਨੁੱਖ ਦੇ ਅੰਦਰ ਹਉਮੈ ਮੌਜੂਦ ਹੈ, ਉਸ ਨੂੰ ਨਾਮ ਦੀ ਕੋਈ ਸੂਝ ਨਹੀਂ ਹੈ ਅਤੇ ਉਹ ਭਗਤ ਨਹੀਂ ਬਣ ਸਕਦਾ। ਗੁਰੂ ਅਮਰ ਦਾਸ ਜੀ ਦਾ ਇਕ ਸਿਧਾਂਤ ਹੀ ਇਹ ਹੈ ਕਿ 'ਹਉਮੈ ਨਾਵੈ ਨਾਲ ਵਿਰੋਧ ਹੈ।' ਇਹ ਦੋਵੇਂ ਇਕ ਥਾਂ ਇਕੱਠੇ ਨਹੀਂ ਹੋ ਸਕਦੇ। ਜਿਥੇ ਹਉਮੈ ਹੈ ਉਥੇ ਭਗਤੀ ਜਾਂ ਨਾਮ ਕਦੇ ਨਹੀਂ ਹੈ। ਭਗਤੀ ਹਉਮੈ ਨਾਸ਼ ਕਰਕੇ ਹੀ ਕਿਸੇ ਹਿਰਦੇ ਵਿਚ ਟਿਕਦੀ ਹੈ।

'ਸਚੀ ਭਗਤਿ ਵਿਚਹੁ ਆਪੁ ਖੋਇ ॥'

ਤਾਂ ਤੇ, ਹਉਮੈ ਕੀ ਹੋਈ? ਆਪਣੇ ਹਿਤਾਂ ਨੂੰ ਸਭ ਤੋਂ ਉੱਤਮ ਸਮਝਣਾ ਹੀ ਹਉਮੈ ਹੈ, ਆਪਣੀ ਹਸਤੀ ਦੀ ਤੇ ਆਪਣੇ ਹਿਤਾਂ ਦੀ ਕੇਵਲ ਰਾਖੀ ਕਰਨਾ ਹੀ ਹਉਮੈ ਹੈ।

ਆਪਣੇ ਆਪ ਨੂੰ ਮਨੁੱਖਤਾ ਤੋਂ ਵੱਖਰੇ ਕਰ ਲੈਣਾ ਹੀ ਹਉਮੈ ਹੈ। ਖ਼ੁਦਗਰਜ਼ੀ, ਖ਼ੁਦ-ਪਸੰਦੀ, ਹੰਕਾਰ ਆਦਿ ਹਉਮੈ ਹਨ। ਇਹ ਮਨੁੱਖ ਕਿਸੇ ਹੋਰ ਦੇ ਕੰਮ ਨਹੀਂ ਆ ਸਕਦਾ। ਕਿਸੇ ਦੇ ਕੰਮ ਨਾ ਆਉਣਾ ਹਉਮੈ ਹੈ। ਇਹ ਬੇ-ਰਸ ਦਸ਼ਾ ਹੈ। ਕਿਸੇ ਦੇ ਕੰਮ ਆਉਣਾ ਨਾਮ ਵਾਲੀ ਦਸ਼ਾ ਹੈ।

ਜਿਨ੍ਹਾਂ ਲੋਕਾਂ ਵਿਚ ਕਾਮਾਦਿਕ ਉਲਾਰ ਹਨ, ਮਾਇਆ ਦਾ ਲਾਲਚ ਉਲਾਰ ਹੈ, ਉਹ ਹਉਮੈ ਵਾਲੇ ਹਨ।

ਨਾਮ ਤੇ ਫਿਰ ਉਹ ਪੱਧਰ ਹੋਇਆ ਜੋ ਮਨੁੱਖੀ ਬਰਾਬਰੀ ਦਾ ਵਿਸ਼ਵਾਸੀ ਹੈ ਅਤੇ ਸੇਵਾ ਨੂੰ ਉੱਤਮ ਮੰਨਦਾ ਹੈ।

---

## ਗਉੜੀ ਗੁਆਰੇਰੀ ਮਹਲਾ ੩

### ੩.

ਮਨੁ ਮਾਰੇ ਧਾਤੁ ਮਰਿ ਜਾਇ ॥
ਬਿਨੁ ਮੂਏ ਕੈਸੇ ਹਰਿ ਪਾਇ ॥
ਮਨੁ ਮਰੈ ਦਾਰੂ ਜਾਣੈ ਕੋਇ ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥ ੧ ॥
ਜਿਸ ਨੋ ਬਖਸੇ ਦੇ ਵਡਿਆਈ ॥
ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥ ੧ ॥ ਰਹਾਉ ॥
ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥ ੨ ॥
ਮਨੁ ਅਸਾਧੁ ਸਾਧੈ ਜਨੁ ਕੋਇ ॥
ਅਚਰੁ ਚਰੈ ਤਾ ਨਿਰਮਲੁ ਹੋਇ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥
ਹਉਮੈ ਵਿਚਹੁ ਤਜੇ ਵਿਕਾਰ ॥ ੩ ॥
ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥
ਕਦੇ ਨ ਵਿਛੁੜਹਿ ਸਬਦਿ ਸਮਾਇ ॥
ਆਪਣੀ ਕਲਾ ਆਪੇ ਹੀ ਜਾਣੈ ॥
ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥

ਇਸ ਸ਼ਬਦ ਵਿਚ ਵਿਚਾਰ ਇਹ ਹਨ :—

(੧) ਮਨੁੱਖੀ ਮਨ ਬੜਾ ਭਿਆਨਕ ਰੂਪ ਵੀ ਧਾਰਨ ਕਰ ਜਾਂਦਾ ਹੈ। ਇਹ ਮਨੁੱਖ ਦੇ ਅੰਦਰ ਬੈਠਾ ਮਨੁੱਖ ਨੂੰ ਰਸਾਂ ਤੇ ਪਦਾਰਥਾਂ ਪਿੱਛੇ ਨਚਾਂਦਾ ਰਹਿੰਦਾ ਹੈ। ਮਨੁੱਖ ਇਹਨਾਂ

ਦੀ ਪ੍ਰਾਪਤੀ ਲਈ ਭੱਜਿਆ ਫਿਰਦਾ ਹੈ। ਜੇ ਮਨ ਨੂੰ ਕਾਬੂ ਕਰ ਲਿਆ ਜਾਵੇ ਤਾਂ ਧਾਉਣਾ ਮੁੱਕ ਜਾਂਦਾ ਹੈ।

'ਮਨੁ ਮਾਰੇ ਧਾਤੁ ਮਰਿ ਜਾਇ ॥'

ਮਨ ਤੇ ਸ਼ਰਾਬ ਵਿਚ ਮਸਤ ਹਾਥੀ ਵਾਂਗ ਹੈ। ਇਹ ਕਾਮਾਦਿਕ ਵਿਚ ਮਸਤ ਖਰਾਬੀਆਂ ਕਰਦਾ ਹੈ।

ਮਨ ਬੜਾ ਅਸਾਧ ਹੈ, ਇਸ ਦੀਆਂ ਤਰੰਗਾਂ ਨੂੰ ਕਾਬੂ ਕਰਨਾ ਕਠਨ ਹੈ।

'ਮਨੁ ਅਸਾਧੁ ਸਾਧੈ ਜਨੁ ਕੋਇ ॥'

(੨) ਦੂਜਾ ਖ਼ਿਆਲ ਇਹ ਹੈ ਕਿ ਜਿਤਨੇ ਤੀਕ ਮਨ ਕਾਬੂ ਨਹੀਂ ਆਉਂਦਾ ਮਨੁੱਖੀ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਨਹੀਂ ਹੋ ਸਕਦਾ।

'ਮਨੁ ਮਾਰੇ ਧਾਤੁ ਮਰਿ ਜਾਇ ॥
ਬਿਨੁ ਮੂਏ ਕੈਸੇ ਹਰਿ ਪਾਇ ॥'

ਜਿਤਨੇ ਤੀਕ ਮਨ ਦੀ ਦੌੜ ਖ਼ਤਮ ਨਹੀਂ ਹੁੰਦੀ, ਮਨੁੱਖੀ ਹਿਰਦਾ ਪਵਿੱਤਰ ਨਹੀਂ ਹੋ ਸਕਦਾ।

'ਮਨੁ ਆਸਾਧੁ ਸਾਧੈ ਜਨੁ ਕੋਇ ॥
ਅਚਰੁ ਚਰੈ ਤਾ ਨਿਰਮਲੁ ਹੋਇ ॥'

(੩) ਤੀਜਾ ਖ਼ਿਆਲ ਇਹ ਹੈ ਕਿ ਮਨ ਗੁਰੂ ਦੀ ਸਿਖਿਆ ਦੁਆਰਾ ਵੱਸ ਕੀਤਾ ਜਾ ਸਕਦਾ ਹੈ।

'ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥'
'ਗੁਰਮੁਖਿ ਕਰਣੀ ਕਾਰ ਕਮਾਵੈ ॥
ਤਾ ਇਸੁ ਮਨ ਕੀ ਸੋਝੀ ਪਾਵੈ ॥'
'ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥'

(੪) ਗੁਰੂ ਦੀ ਸਿਖਿਆ ਮਨ ਨੂੰ ਇਸ ਤਰ੍ਹਾਂ ਸਾਧਦੀ ਹੈ ਕਿ ਮਨ ਦੇ ਅੰਦਰ ਹਰੀ ਦਾ ਨਿਵਾਸ ਪੈਦਾ ਕਰਦੀ ਹੈ, ਮਨੁੱਖ ਨੂੰ ਨਾਮ ਦੀ ਪਛਾਣ ਕਰਾਂਦੀ ਹੈ।

'ਗੁਰ ਪਰਸਾਦਿ ਹਰਿ ਵਸੈ ਮਨਿ ਆਇ ॥'
'ਨਾਨਕ ਗੁਰਮੁਖਿ ਨਾਮੁ ਪਛਾਣੈ ॥'

(੫) ਤਾਂ ਤੇ, ਨਾਮ ਕੀ ਹੋਇਆ ? ਨਾਮ ਹੈ 'ਮਨ ਦਾ ਕਾਬੂ' ਜਾਂ ਸੰਜਮ। ਨਾਮ ਇੱਛਾਵਾਂ ਦਾ ਕਾਬੂ ਹੈ; ਨਾਮ ਕਾਮਾਦਿਕ ਤੇ ਕਾਬੂ ਹੈ; ਨਾਮ ਭਟਕਣਾ ਰਹਿਤ ਹੋਣਾ ਹੈ; ਨਾਮ ਸਿੱਧੇ ਰਾਹ ਤੁਰਨਾ ਹੈ ਜਿਉਂ ਅੰਕਸ ਹਾਥੀ ਨੂੰ ਤੋਰਦਾ ਹੈ। ਨਾਮ ਗਿਆਨ-ਮਈ ਅਵਸਥਾ ਹੈ। ਸੋ ਨਾਮ ਸ਼ਖ਼ਸੀਅਤ ਦਾ ਇਕ ਪੱਧਰ ਹੋ ਗਿਆ।

## ਗਉੜੀ ਗੁਆਰੇਰੀ ਮਹਲਾ ੩

੪.

ਹਉਮੈ ਵਿਚਿ ਸਭੁ ਜਗੁ ਬਉਰਾਨਾ ॥
ਦੂਜੇ ਭਾਇ ਭਰਮਿ ਭੁਲਾਨਾ ॥
ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥
ਧੰਧਾ ਕਰਤਿਆ ਅਨਦਿਨੁ ਵਿਹਾਨਾ ॥ ੧ ॥
ਹਿਰਦੈ ਰਾਮੁ ਰਮਹੁ ਮੇਰੇ ਭਾਈ ॥
ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ਰਹਾਉ॥
ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥
ਹਉਮੈ ਮਾਰਿ ਗੁਰ ਸਬਦਿ ਪਛਾਤਾ ॥
ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥
ਸੇ ਜਨ ਸਚੇ ਜੋ ਗੁਰਸਬਦਿ ਮਿਲਾਏ ॥
ਧਾਵਤ ਵਰਜੇ ਠਾਕਿ ਰਹਾਏ ॥
ਨਾਮੁ ਨਵਨਿਧਿ ਗੁਰ ਤੇ ਪਾਏ ॥
ਹਰਿ ਕਿਰਪਾ ਤੇ ਹਰ ਵਸੈ ਮਨਿ ਆਏ ॥੩॥
ਰਾਮ ਰਾਮ ਕਰਤਿਆ ਸੁਖ ਸਾਂਤਿ ਸਰੀਰ ॥
ਅੰਤਰਿ ਵਸੈ ਨ ਲਾਗੈ ਜਮਪੀਰ ॥
ਆਪੇ ਸਾਹਿਬੁ ਆਪਿ ਵਜੀਰ ॥
ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥

ਇਸ ਸ਼ਬਦ ਵਿਚ ਖ਼ਿਆਲ ਇਹ ਹਨ :—

(੧) ਜਿਤਨੇ ਤੀਕ ਮਨੁੱਖ ਹਉਮੈ ਵਿਚ ਹੈ, ਉਸ ਨੂੰ ਸ਼ਾਂਤੀ ਨਹੀਂ ਹੈ, ਉਹ ਜਮ ਦਾ ਸ਼ਿਕਾਰ ਬਣਦਾ ਹੈ ਅਤੇ ਉਸ ਵਿਚ ਕੋਈ ਗੁਣ ਨਹੀਂ ਉਪਜਦਾ। ਹਉਮੈ ਵਿਚ ਮਨੁੱਖ ਪਾਗਲਾਂ ਵਾਂਗ ਹਰਕਤਾਂ ਕਰਦਾ ਹੈ, ਅਸਲੀਅਤ ਨੂੰ ਪਛਾਣ ਸਕਣ ਤੋਂ ਅਸਮਰਥ ਰਹਿੰਦਾ ਹੈ, ਆਪਣੀ ਸਮਰਥਾ ਤੋਂ ਵੀ ਅਨਜਾਣ ਰਹਿੰਦਾ ਹੈ ਅਤੇ ਉਹ ਕਰਮ ਕਰਦਾ ਰਹਿੰਦਾ ਹੈ ਜੋ ਨਿਰਾਰਥਕ ਹਨ—

"ਹਉਮੈ ਵਿਚਿ ਸਭ ਜਗੁ ਬਉਰਾਨਾ ॥
ਦੂਜੈ ਭਾਇ ਭਰਮਿ ਭੁਲਾਨਾ ॥
ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥
ਧੰਧਾ ਕਰਤਿਆ ਅਨਦਿਨੁ ਵਿਹਾਨਾ ॥"

(੨) ਜਦੋਂ ਹਉਮੈ ਨਾਸ਼ ਹੋ ਜਾਏ ਅਤੇ ਰਾਮ ਨਾਮ ਹਿਰਦੇ ਵਿਚ ਵਸ ਜਾਏ, ਤਾਂ ਮਨੁੱਖ ਨੂੰ ਸ਼ਾਂਤੀ, ਮੁਕਤੀ, ਗੁਣ, ਸਦਾਚਾਰ, ਸਚਾਈ, ਸੰਜਮ, ਕਾਬੂ, ਰਜੇਵਾਂ ਆਦਿ ਪ੍ਰਾਪਤ ਹੁੰਦੇ ਹਨ।

"ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥
ਅੰਤਰਿ ਵਸੈ ਨ ਲਾਗੈ ਜਮਪੀਰ ॥"
"ਸੇ ਜਨ ਸਚੇ ਜੋ ਗੁਰਸਬਦਿ ਮਿਲਾਏ ॥
ਧਾਵਤ ਵਰਜੇ ਠਾਕਿ ਰਹਾਏ ॥
ਨਾਮੁ ਨਵਨਿਧਿ ਗੁਰ ਤੇ ਪਾਏ ॥"

(੩) ਇਹ ਰਾਮ ਨਾਮ ਗੁਰ-ਸ਼ਬਦ ਵਿਚੋਂ ਪ੍ਰਾਪਤ ਹੁੰਦਾ ਹੈ—

"ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥
ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥"

(੪) ਫਿਰ ਨਾਮ ਕੀ ਹੋਇਆ ? ਨਾਮ ਉਹ ਮਾਨਸਕ ਪੱਧਰ ਹੋਇਆ ਜੋ ਮਨੁੱਖ ਨੂੰ ਸਵੈ-ਕਾਬੂ ਤੇ ਸਵੈ-ਸੰਜਮ ਸਿਖਾਵੇ, ਜੋ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਦੇਵੇ; ਜੋ ਮਨੁੱਖ ਵਿਚੋਂ ਹੰਕਾਰ ਨਾਸ਼ ਕਰੇ। ਨਾਮ ਮਨੁੱਖ ਨੂੰ 'ਗੁਣੀ ਗਹੀਰ' ਤੇ 'ਜਗਜੀਵਨ' ਦਾ ਉਪਾਸ਼ਕ ਬਣਾਂਦਾ ਹੈ ਜਿਸ ਕਰਕੇ ਮਨੁੱਖ ਵਿਚ ਗੁਣ ਤੇ ਜੀਵਨ ਜੁਗਤੀ ਪਰਵੇਸ਼ ਕਰਦੇ ਹਨ। ਸੋ,ਨਾਮ ਗੁਣਾਂ ਜਾਂ ਖ਼ੂਬੀਆਂ ਦੀ ਉਪਾਸਨਾ ਹੈ ਅਤੇ ਇਹ ਆਪਣੇ ਅੰਦਰ ਪੈਦਾ ਕਰਨਾ ਹੈ।

———

## ਗਉੜੀ ਗੁਆਰੇਰੀ ਮਹਲਾ ੩

੫.

ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥
ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥
ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥ ੧ ॥
ਹਰਿ ਕੇ ਨਾਮ ਵਿਟਹੁ ਬਲਿ ਜਾਉ ॥
ਤੂ ਵਿਸਰਹਿ ਤਦਿ ਹੀ ਮਰਿ ਜਾਉ ॥ ੧ ॥ ਰਹਾਉ ॥
ਤਿਨ ਤੂ ਵਿਸਰਹਿ ਜਿ ਤੁਧੁ ਆਪਿ ਭੁਲਾਏ ॥
ਤਿਨ ਤੂ ਵਿਸਰਹਿ ਜਿ ਦੂਜੈ ਭਾਏ ॥
ਮਨਮੁਖ ਅਗਿਆਨੀ ਜੋਨੀ ਪਾਏ ॥ ੨ ॥
ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ ॥
ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥
ਗੁਰਮਤੀ ਹਰਿ ਨਾਮਿ ਸਮਾਏ ॥ ੩ ॥
ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥
ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥
ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥੪॥੭॥੨੭॥

ਇਸ ਸ਼ਬਦ ਵਿਚ ਵਿਚਾਰ ਲੜੀ ਇਸ ਪ੍ਰਕਾਰ ਹੈ :—

(੧) ਨਾਮ ਜੀਵਨ ਹੈ, ਨਾਮ-ਹੀਣ ਹੋਣਾ ਮੌਤ ਹੈ, ਨਾਮ ਹੀ ਸਾਰ ਵਸਤੂ ਹੈ ਜਿਸ ਤੋਂ ਮਨੁੱਖ ਨੂੰ ਸਭ ਕੁਝ ਕੁਰਬਾਨ ਕਰ ਦੇਣਾ ਚਾਹੀਦਾ ਹੈ। ਜਿੰਨੇ ਤੀਕ ਮਨੁੱਖ ਦੇ ਅੰਦਰ ਨਾਮ ਸਥਿਰ ਰਹਿੰਦਾ ਹੈ, ਮਨੁੱਖ ਜੀਂਦਾ ਰਹਿੰਦਾ ਹੈ, ਜਦੋਂ ਨਾਮ ਅਲੋਪ ਹੋ ਜਾਂਦਾ ਹੈ, ਮਨੁੱਖ ਦੀ ਮੌਤ ਹੋ ਜਾਂਦੀ ਹੈ। ਇਥੇ ਜੀਵਨ ਦਾ ਭਾਵ ਸਰੀਰਕ ਜ਼ਿੰਦਗੀ ਵੀ ਹੈ ਅਤੇ ਮਾਨਸਕ, ਆਤਮਕ ਤੇ ਇਖ਼ਲਾਕੀ ਜ਼ਿੰਦਗੀ ਵੀ—ਵਿਸ਼ੇਸ਼ ਕਰਕੇ ਇਖ਼ਲਾਕੀ ਜ਼ਿੰਦਗੀ। ਜੀਂਦਾ ਪੁਰਸ਼ ਉਹ ਹੀ ਹੈ ਜਿਸ ਦਾ ਇਖ਼ਲਾਕ ਜੀਂਦਾ ਹੈ, ਜੋ ਮਾਨਸਕ ਤੇ ਆਤਮਕ ਤੌਰ ਤੇ ਸੁਰਜੀਤ ਤੇ ਬਲਵਾਨ ਹੈ। ਨਾਮ ਆਤਮਾ ਵੀ ਹੈ, ਇਸ ਲਈ ਨਾਮ ਦੀ ਅਣਹੋਂਦ ਵਿਚ ਸਰੀਰਕ ਮੌਤ ਵੀ ਅਵੱਸ਼ ਹੈ। ਪਰ ਇਖ਼ਲਾਕ ਦੇ ਗੁੰਮ ਹੋ ਜਾਣ ਨਾਲ ਵੀ ਮਨੁੱਖ ਮਰ ਜਾਂਦਾ ਹੈ, ਉਸ ਵਿਚ ਮਨੁੱਖ ਵਾਲੀ ਕੋਈ ਵਿਸ਼ੇਸ਼ਤਾ ਨਹੀਂ ਰਹਿ ਜਾਂਦੀ। ਉਹ ਪਸ਼ੂ ਤੁਲ ਹੀ ਹੋ ਜਾਂਦਾ ਹੈ। ਇਸੇ ਲਈ ਨਾਮ ਤੋਂ ਸਭ ਕੁਝ ਕੁਰਬਾਨ ਕੀਤਾ ਜਾ ਸਕਦਾ ਹੈ।

ਹਰਿ ਕੇ ਨਾਮ ਵਿਟਹੁ ਬਲਿ ਜਾਉ ॥
ਤੂੰ ਵਿਸਰਹਿ ਤਦਿ ਹੀ ਮਰਿ ਜਾਉ ॥

(੨) ਨਾਮ ਹੀਣੇ ਉਹ ਹੀ ਪੁਰਸ਼ ਹੁੰਦੇ ਹਨ ਜਿਨ੍ਹਾਂ ਤੇ ਪ੍ਰਭੂ ਦੀ ਕਰੋਪੀ ਹੁੰਦੀ ਹੈ। ਇਹ ਲੋਕ ਸਦਾ ਆਵਾਗਵਨ ਵਿਚ ਧੱਕੇ ਖਾਂਦੇ ਰਹਿੰਦੇ ਹਨ।

ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥
ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥
ਮਨਮੁਖ ਅਗਿਆਨੀ ਜੋਨੀ ਪਾਏ ॥

ਨਾਮ-ਹੀਣ ਕੇਵਲ ਉਹੋ ਹੀ ਹੋ ਸਕਦੇ ਹਨ ਜੋ ਆਪ-ਹੁਦਰੇ ਹੋ ਕੇ, ਅਗਿਆਨਤਾ-ਭਰਮ ਵਿਚ ਫਸ ਕੇ, ਮਾਇਆ (ਦੂਜੇ ਭਾਏ) ਦੇ ਝਾਂਸੇ ਵਿਚ ਆ ਜਾਂਦੇ ਹਨ। ਨਾਮ-ਹੀਣ ਪੁਰਸ਼ ਵਿਚ ਦੌਲਤ ਤੇ ਸੰਸਾਰਕ ਸੰਪਤੀ ਦਾ ਮੋਹ ਵਧ ਜਾਂਦਾ ਹੈ, ਸੰਬੰਧੀਆਂ ਦਾ ਮੋਹ ਵਧ ਜਾਂਦਾ ਹੈ, ਅਤੇ ਇਹਨਾਂ ਦੀ ਖ਼ਾਤਰ ਉਹ ਜ਼ਮੀਰ ਵੇਚ ਦਿੰਦਾ ਹੈ, ਨਿਸੰਗ ਹੋ ਕੇ ਪਾਪ ਕਰਦਾ ਹੈ—ਮਾਇਆ, ਪਦਾਰਥ ਤੇ ਝੂਠੀ ਪਦਵੀ ਦੀ ਪ੍ਰਾਪਤੀ ਲਈ, ਇਖ਼ਲਾਕ ਤੋਂ ਕਿਸੇ ਹੋਰ ਚੀਜ਼ ਨੂੰ ਉੱਚਾ ਮੰਨ ਕੇ, ਇਖ਼ਲਾਕ ਕੁਰਬਾਨ ਕਰ ਦੇਣਾ ਹੀ ਨਾਮ-ਹੀਣ ਹੋਣਾ ਹੈ। ਇਹ ਕਮਜ਼ੋਰੀ ਫਿਰ ਹੋਰ ਕਮਜ਼ੋਰੀਆਂ ਪੈਦਾ ਕਰਦੀ ਹੈ ਅਤੇ ਮਨੁੱਖ ਸਦਾ ਅਪੂਰਣ ਰਹਿੰਦਾ ਹੈ ਤੇ ਆਵਾਗਵਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਕਿਸੇ ਹੋਰ ਵਸਤੂ ਲਈ ਸਦਾਚਾਰਕ ਤੇ ਇਖ਼ਲਾਕੀ ਕੀਮਤਾਂ ਨੂੰ ਕੁਰਬਾਨ ਕਰ ਦੇਣਾ ਹੀ ਘੋਰ ਅਗਿਆਨ ਤੇ ਮੂੜ੍ਹ ਮੱਤ ਹੈ। ਇਹ ਹੈ :

'ਮਨਮੁਖ ਅਗਿਆਨੀ ਜੋਨੀ ਪਾਏ ॥'

(੩) ਪਰ ਜਿਨ੍ਹਾਂ ਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ, ਉਹ ਸਤਿਗੁਰ ਦੀ ਸੇਵਾ ਵਿਚ ਲਗਦੇ ਹਨ, ਭਾਵ ਬਾਣੀ ਦੀ ਵਿਚਾਰ ਵਿਚ ਲਗਦੇ ਹਨ ਅਤੇ ਉਹਨਾਂ ਨੂੰ ਗਿਆਨ ਮਿਲਦਾ ਹੈ, ਉਹਨਾਂ ਦੀ ਹਉਮੈ ਨਾਸ਼ ਹੁੰਦੀ ਹੈ – ਇਹੋ 'ਹਰਿ ਮੰਨਿ ਵਸਾਏ' ਹੈ, ਇਹੋ ਨਾਮ ਦੀ ਪ੍ਰਾਪਤੀ ਹੈ। ਗੁਰੂ ਦਾ ਵਿਚਾਰ ਸ਼ੁੱਭ ਤੇ ਨਿਰਮਲ ਹੈ—ਇਹ ਨਿਰਮਲ

ਵਿਚਾਰ ਹੀ ਪਰਮਾਤਮਾ ਦਾ ਸਰੂਪ ਹਨ, ਕਿਉਂਕਿ ਇਹਨਾਂ ਦੁਆਰਾ ਹੀ ਨਿਰਮਲ ਕਰਮ ਪੈਦਾ ਹੁੰਦਾ ਹੈ। ਇਹ ਨਿਰਮਲ ਵਿਚਾਰ ਹੀ ਨਾਮ ਹਨ, ਨਾਮ ਦਾ ਪਰਵੇਸ਼ ਉਥੇ ਹੈ ਜਿਥੇ 'ਹਉਮੈ ਮਾਰੀ' ਹੈ, ਜਿਥੇ ਪਦਾਰਥਾਂ, ਸੰਬੰਧੀਆਂ, ਪਦਵੀਆਂ ਦੇ ਮੋਹ ਵਿਚ ਫਸ ਕੇ ਮਨੁੱਖ ਇਖ਼ਲਾਕੀ ਅਸੂਲਾਂ ਨੂੰ ਕੁਰਬਾਨ ਨਹੀਂ ਕਰਦਾ। ਇਹ ਹੀ ਹਿਰਦੇ ਵਿਚ ਹਰੀ ਦਾ ਨਿਵਾਸ ਹੈ। ਇਹ ਨਾਮ-ਜੀਵਨ ਹੈ।

(੪) ਤਾਂ ਤੇ ਨਾਮ ਕੀ ਹੈ ?

ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥
ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥
ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥

ਨਾਮ ਉੱਤਮ-ਜੀਵਨ ਹੈ, ਨਾਮ ਵਾਲਾ ਮਨੁੱਖ ਇਸ ਅਸੂਲ ਦਾ ਧਾਰਨੀ ਹੈ ਕਿ ਪ੍ਰਭੂ ਸਭ ਹਿਰਦਿਆਂ ਵਿਚ ਵਿਆਪਕ ਹੈ (ਸਭਿ ਮਾਹਿ ਸਮਾਨਾ), ਇਸ ਲਈ ਕਿਸੇ ਨਾਲ ਵੀ ਅਨਿਆਂ-ਧੱਕਾ ਜਾਂ ਪਾਪ ਨਹੀਂ ਕੀਤਾ ਜਾ ਸਕਦਾ—ਸਭ ਆਪਣੇ ਹੀ ਹਨ। ਨਾਮ ਦਰਗਾਹ ਦੇ ਉੱਤਮ ਅਸੂਲ ਦੇ ਤੋਲ ਨਾਲ ਤੁਲ ਜਾਣਾ ਹੈ—ਰੱਬੀ ਪਰਵਾਨ (ਤੋਲ, ਮਾਪ, Standard) ਨਾਲ ਪੂਰਾ ਹੋ ਸਕਣਾ ਹੈ, ਗੁਰਬਾਣੀ ਦੇ ਦੱਸੇ ਅਸੂਲਾਂ ਨਾਲ ਤੁਲ ਜਾਣਾ ਹੈ।

(੫) ਨਾਮ ਵਾਲਾ ਜੀਵਨ ਉਹ ਜੀਵਨ ਹੈ ਜਿਥੇ ਕ੍ਰਿਤਯਗਤਾ ਹੈ (ਉਸ ਲਈ 'ਜਿਸ ਕੇ ਜੀਅ ਪਰਾਨਾ' ਹਨ) ਜਿਥੇ ਹਰ ਇਕ ਲਈ ਪ੍ਰੇਮ-ਭਾਵ ਹੈ ਕਿਉਂਕਿ ਨਾਮ—'ਪ੍ਰਭੁ ਮਾਹਿ ਸਮਾਨਾ' ਹੈ। ਜਿਥੇ ਉੱਚਾ ਪਰਮਾਣੀਕ ਜੀਵਨ ਹੈ, ਅਸੂਲਾਂ ਕਰਕੇ। ਨਾਮ-ਜੀਵਨ ਵਿਚ ਇਖ਼ਲਾਕੀ ਅਸੂਲਾਂ ਨੂੰ ਕਦੇ ਕੁਰਬਾਨ ਨਹੀਂ ਕੀਤਾ ਜਾ ਸਕਦਾ। ਕਿਸੇ ਹੋਰ ਚੀਜ਼ ਦੇ ਪਿਆਰ ਜਾਂ ਮੋਹ ਲਈ (ਦੂਜੈ ਭਾਇ)। ਨਾਮ-ਜੀਵਨ ਵਿਚ 'ਹਉਮੈ' ਨਹੀਂ ਹੈ, ਉਥੇ ਸਾਰੀ ਮਨੁੱਖਤਾ ਲਈ ਪਿਆਰ ਹੈ, ਇਸ ਲਈ ਕਿਸੇ ਦੇ ਵੀ ਵਿਰੁੱਧ ਪਾਪ ਜਾਂ ਮੰਦੀ ਭਾਵਨਾ ਸੰਭਵ ਨਹੀਂ ਹੈ। ਨਾਮ ਵਾਲੇ ਲੋਕ ਖ਼ੁਦਗਰਜ਼ ਨਹੀਂ ਹੁੰਦੇ, ਨਾਮ ਵਾਲੇ ਲੋਕ ਸੰਸਾਰ ਤੇ ਕਬਜ਼ਾ ਨਹੀਂ ਕਰਨਾ ਚਾਹੁੰਦੇ, ਨਾਮ ਵਾਲੇ ਲੋਕ ਗਿਆਨਵਾਨ ਲੋਕ ਹੁੰਦੇ ਹਨ—ਜੋ ਜਾਣਦੇ ਹਨ ਕਿ ਉੱਤਮ ਚੀਜ਼ ਆਤਮਾ ਤੇ ਇਖ਼ਲਾਕ ਹਨ, ਨਾ ਕਿ ਪਦਾਰਥ ਤੇ ਝੂਠੀ ਸੋਭਾ।

ਸੋ ਨਾਮ-ਜੀਵਨ ਉੱਚੇ ਇਖ਼ਲਾਕ ਤੇ ਆਤਮਕ ਗੁਣਾਂ ਦਾ ਜੀਵਨ ਹੈ ਜਿਸ ਲਈ ਹੋਰ ਸਭ ਕੁਝ ਕੁਰਬਾਨ ਕੀਤਾ ਜਾ ਸਕਦਾ ਹੈ।

# ਸ੍ਰੀ ਗੁਰੂ ਰਾਮਦਾਸ ਜੀ

# ਰਾਗ ਦੇਵ ਗੰਧਾਰੀ ਮਹਲਾ ੪

# ਰਾਗ ਦੇਵ ਗੰਧਾਰੀ ਮਹਲਾ ੪

੧.

ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥
ਜੋ ਤੁਮਰਾ ਜਸੁ ਕਹਤੇ ਗੁਰਮਤਿ, ਤਿਨ ਮੁਖ ਭਾਗ ਸਭਾਗੇ ॥੧॥ ਰਹਾਉ ॥
ਟੂਟੇ ਮਾਇਆ ਕੇ ਬੰਧਨ ਫਾਹੇ, ਹਰਿ ਰਾਮ ਨਾਮ ਲਿਵ ਲਾਗੇ ॥
ਹਮਰਾ ਮਨੁ ਮੋਹਿਓ ਗੁਰ ਮੋਹਨਿ, ਹਮ ਬਿਸਮ ਭਈ ਮੁਖਿ ਲਾਗੇ ॥੧॥
ਸਗਲੀ ਰੈਣਿ ਸੋਈ ਅੰਧਿਆਰੀ, ਗੁਰ ਕਿੰਚਤ ਕਿਰਪਾ ਜਾਗੇ ॥
ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ, ਮੋਹਿ ਤਮ ਸਰਿ ਅਵਰੁ ਨ ਲਾਗੇ ॥੨॥੧

ਇਸ ਸ਼ਬਦ ਵਿਚ ਮੁੱਖ ਵਿਚਾਰ ਇਸ ਪ੍ਰਕਾਰ ਹਨ :—

(੧) ਵਡਭਾਗੇ ਲੋਕ ਉਹ ਹਨ ਜਿਨ੍ਹਾਂ ਨੂੰ ਨਾਮ ਪ੍ਰਾਪਤ ਹੋ ਜਾਂਦਾ ਹੈ—'ਜੋ ਤੁਮ
ਜਸੁ ਕਹਤੇ ਗੁਰਮਤਿ; ਤਿਨ ਮੁਖ ਭਾਗ ਸਭਾਗੇ ॥' ਨਾਮ ਹੈ, ਪ੍ਰਭੂ-ਜਸ। ਪ੍ਰਭੂ-ਜਸ
ਭਾਵ ਹੈ, ਉਸ ਦੀਆਂ ਖ਼ੂਬੀਆਂ ਜਾਂ ਗੁਣਾਂ ਨੂੰ ਪਹਿਚਾਨਣਾ। ਪਹਿਚਾਨਣ ਦਾ ਭਾਵ
ਨਿਰਾ ਜਾਨਣਾ ਨਹੀਂ ਹੈ, ਸਗੋਂ ਧਾਰਨ ਕਰਨਾ ਹੈ। ਇਹ ਹੀ ਨਾਮ ਪ੍ਰਾਪਤੀ ਹੈ। ਇ
ਪ੍ਰਾਪਤੀ 'ਗੁਰਮਤਿ' ਦੁਆਰਾ ਹੁੰਦੀ ਹੈ, ਭਾਵ ਗੁਰਬਾਣੀ ਦੀ ਵਿਚਾਰ ਵਿਚੋਂ ਪ੍ਰਭੂ-ਜ
ਜਾਂ ਪ੍ਰਭੂ-ਗੁਣਾਂ ਦਾ ਪਤਾ ਲਗਦਾ ਹੈ। ਜਿਉਂ ਜਿਉਂ ਪ੍ਰਭ ਗੁਣ ਮਨੁੱਖ ਦੀ ਸ਼ਖ਼ਸੀਅ
ਵਿਚ ਪਰਵੇਸ਼ ਕਰਦੇ ਹਨ, ਮਨੁੱਖ 'ਸੁਭਾਗਾ' ਹੁੰਦਾ ਜਾਂਦਾ ਹੈ।

(੨) ਪ੍ਰਭੂ-ਜਸ ਦੁਆਰਾ ਮਨੁੱਖੀ ਸ਼ਖ਼ਸੀਅਤ ਵਿਚ ਹੈਰਾਨ ਕਰਨ ਵਾਲੀ ਤਬਦੀ
ਪੈਦਾ ਹੁੰਦੀ ਹੈ।

(ੳ) ਮਨੁੱਖ ਲਿਵ-ਦੁਆਰਾ ਉੱਨਤੀ ਕਰਦਾ ਕਰਦਾ ਪ੍ਰਭੂ ਹੀ ਬਣ ਜਾਂਦਾ ਹੈ—
ਇਹੋ ਹੀ ਹਰੀ ਜਨ ਦਾ ਉੱਚਤਮ ਸਰੂਪ ਮੰਨਿਆ ਗਿਆ ਹੈ। ਜਿਸ ਪ੍ਰਕਾਰ
ਇਸ਼ਟ ਨੂੰ ਕੋਈ ਧਿਆਉਂਦਾ ਹੈ ਜਾਂ ਪੂਜਦਾ ਹੈ, ਉਹ ਇਸ਼ਟ ਸਰੂਪ ਹੀ ਹੋ ਜਾਂਦਾ ਹੈ-
ਇਹ ਭਗਤੀ ਦਾ ਅਸੂਲ ਹੈ। ਜੋ ਕੁਝ ਗੁਣ ਪ੍ਰਭੂ ਦੇ ਮੰਨੇ ਗਏ ਹਨ—ਨਿਰਭਉ, ਨਿਰਵੈ
ਅਕਾਲ, ਮਿਠ-ਬੋਲਾ ਆਦਿ—ਉਹ ਸਾਰੇ ਭਗਤ ਵਿਚ ਪਰਵੇਸ਼ ਕਰ ਜਾਂਦੇ ਹਨ। ਇ
ਨਾਮ-ਪ੍ਰਾਪਤੀ ਹੈ।

(ਅ) ਨਾਮ ਵਾਲਾ ਮਨੁੱਖ ਮਾਲਕਾਂ ਵਾਂਗ ਸੁਤੰਤਰ ਰਹਿ ਕੇ ਜੀਵਨ ਵਿ
ਵਿਚਰਦਾ ਹੈ। ਇਸ ਨੂੰ ਕਿਸੇ ਦੀ ਮੁਥਾਜੀ ਨਹੀਂ ਹੁੰਦੀ, ਇਸ ਨੂੰ ਕੋਈ ਤਾੜਨਾ ਕਰ
ਵਾਲਾ ਨਹੀਂ ਹੁੰਦਾ, ਇਸ ਦੀ ਕੋਈ ਨਿਗਰਾਨੀ ਕਰਨ ਵਾਲਾ ਨਹੀਂ ਹੁੰਦਾ—ਇ
ਮਾਲਕ ਹੁੰਦਾ ਹੈ ਦਾਸ ਨਹੀਂ। ਇਹ ਪਦਵੀ ਭਗਤ ਨੂੰ ਇਸ ਲਈ ਪ੍ਰਾਪਤ ਹੁੰਦੀ

ਕਿਉਂਕਿ ਉਹ ਮਾਇਆ ਦੇ ਲਾਲਚ ਤੋਂ ਸੁਤੰਤਰ ਹੋ ਜਾਂਦਾ ਹੈ ਅਤੇ ਕੇਵਲ ਆਪਣੇ ਧਰਮ, ਨਿਆਂ, ਸੱਚ ਦੀ ਨਿਗਰਾਨੀ ਹੇਠ ਕੰਮ ਕਰਦਾ ਹੈ। ਉਸ ਨੇ ਪ੍ਰਭੂ-ਗੁਣਾਂ ਦੇ ਅਨੁਸਾਰ ਜੀਵਨ ਜੀਣਾ ਹੈ—ਫਿਰ ਉਸ ਦੀ ਨਿਗਰਾਨੀ ਕਰਨ ਦੀ ਲੋੜ ਕੀ ਹੈ ? ਜਿਉਂ ਜਿਉਂ ਮਨੁੱਖ ਲਾਲਚ ਤੋਂ ਸੁਤੰਤਰ ਹੁੰਦਾ ਹੈ, ਨਿਰ-ਇੱਛਾ ਹੁੰਦਾ ਹੈ, ਉਹ ਉੱਚੇ ਗੁਣਾਂ ਦਾ ਧਾਰਨੀ ਹੁੰਦਾ ਜਾਂਦਾ ਹੈ। ਮਾਇਆ ਦੇ ਲਾਲਚ ਵਿਚ ਹੀ ਫਸ ਕੇ ਅਸੀਂ ਪਾਪ ਕਰਮ ਕਰਦੇ ਹਾਂ, ਹੋਰ ਕੋਈ ਕਾਰਨ ਹੀ ਨਹੀਂ ਹੈ। ਨਾਮ ਵਾਲਾ ਮਨੁੱਖ ਲਾਲਚੀ ਨਹੀਂ ਰਹਿੰਦਾ, ਉਹ ਮਾਇਆ ਦੀ ਗ਼ੁਲਾਮੀ ਪਰਵਾਨ ਨਹੀਂ ਕਰਦਾ। ਇਹੋ ਭਗਤੀ ਜਾਂ ਨਾਮ ਹੈ।

(ੲ) ਭਗਤ ਕਿਉਂ ਮਾਇਆ ਦੇ ਬਧਨ ਵਿਚੋਂ ਨਿਕਲ ਜਾਂਦਾ ਹੈ? ਇਸ ਦਾ ਕਾਰਨ ਇਹ ਹੈ—

'ਹਮਰਾ ਮਨੁ ਮੋਹਿਓ ਗੁਰਮੋਹਨਿ ਹਮ ਬਿਸਮ ਭਈ ਮੁਖਿ ਲਾਗੇ।'

ਜਿਹਨਾਂ ਲੋਕਾਂ ਵਿਚ ਕਿਸੇ ਉਚੇਰੇ ਆਦਰਸ਼ ਦਾ ਇਸ਼ਕ ਜਾਗ ਪੈਂਦਾ ਹੈ, ਉਹ ਮਾਇਆ ਦੀ ਪਰਵਾਹ ਨਹੀਂ ਕਰਦੇ। ਜਿਹਨਾਂ ਲੋਕਾਂ ਨੂੰ ਪ੍ਰਭੂ-ਸੁੰਦਰਤਾ ਦਾ ਪਤਾ ਲੱਗ ਜਾਂਦਾ ਹੈ, ਉਹ ਉਸ ਦੇ ਹੀ ਪ੍ਰੇਮੀ ਬਣ ਜਾਂਦੇ ਹਨ, ਉਹ ਦੌਲਤ, ਸ਼ੋਭਾ ਜਾਂ ਸ਼ਕਤੀ ਦੇ ਪ੍ਰੇਮੀ ਨਹੀਂ ਰਹਿ ਸਕਦੇ। ਜਿਨ੍ਹਾਂ ਲੋਕਾਂ ਨੂੰ ਨੇਕੀ, ਚੰਗਿਆਈ, ਭਲਾਈ, ਦਇਆ, ਸੰਤੋਖ, ਸੰਜਮ, ਸੱਚ, ਨਿਆਂ ਦਾ ਪ੍ਰੇਮ ਹੋ ਜਾਂਦਾ ਹੈ, ਉਹ ਮਾਇਆ ਦੀ ਪਦਵੀ ਦੀ ਪਰਵਾਹ ਨਹੀਂ ਕਰਦੇ। ਪ੍ਰਭੂ-ਗੁਣਾਂ ਵਿਚ ਜੀਣ ਦਾ ਜੋ ਰਸ ਹੈ, ਉਹ ਮਨੁੱਖ ਨੂੰ ਇੰਨੀ ਖ਼ੁਸ਼ੀ ਦਿੰਦਾ ਹੈ ਕਿ ਮਨੁੱਖ ਹੈਰਾਨ ਹੀ ਰਹਿ ਜਾਂਦਾ ਹੈ। ਉਸ ਨੂੰ ਦੌਲਤ ਨਾਲ ਪੈਦਾ ਹੋਣ ਵਾਲੇ ਰਸ ਫਿੱਕੇ ਲੱਗਣ ਲੱਗ ਪੈਂਦੇ ਹਨ—ਉੱਚੇ ਅਸੂਲਾਂ ਅਨੁਸਾਰ ਜੀਣਾ ਬਹੁਤ ਵਧੇਰੇ ਰਸਦਾਇਕ ਜਾਪਦਾ ਹੈ।

ਪਰਮਾਤਮਾ ਇਤਨਾ ਸੁੰਦਰ ਹੈ ਕਿ ਉਸ ਤੁਲ ਹੋਰ ਕੋਈ ਚੀਜ਼ ਸੁੰਦਰ ਨਹੀਂ ਹੈ। ਭਾਵ ਨਾਮ ਵਾਲਾ ਜੀਵਨ ਜੀਣ ਵਿਚ ਜੋ ਸੁਆਦ ਹੈ, ਉਹ ਹੋਰ ਕਿਸੇ ਚੀਜ਼ ਵਿਚ ਨਹੀਂ ਹੈ। ਨਾਮ ਸਿਮਰਨ ਵਾਲੇ ਮਨੁੱਖ ਨੂੰ ਇਸ ਭੇਦ ਦਾ ਪਤਾ ਲਗ ਜਾਂਦਾ ਹੈ। ਇਹ ਪੁਰਸ਼ ਕਿਸੇ ਹੋਰ ਵਸਤੂ ਨੂੰ ਪ੍ਰਭੂ ਬਰਾਬਰ ਨਹੀਂ ਸਮਝਦਾ—'ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥'

ਜੋ ਸੁੰਦਰਤਾ ਉੱਚੇ ਆਚਰਣ ਦੀ ਹੈ, ਉਹ ਹੋਰ ਕਿਸੇ ਤਰ੍ਹਾਂ ਵੀ ਨਹੀਂ ਪੈਦਾ ਹੋ ਸਕਦੀ। ਪ੍ਰਭੂ ਸੁੰਦਰ ਹੈ—ਦਾ ਭਾਵ ਇਹੋ ਹੈ ਕਿ ਜਿਨ੍ਹਾਂ ਗੁਣਾਂ ਨੂੰ ਪਰਮਾਤਮਾ ਦੇ ਗੁਣ ਮੰਨਿਆ ਹੈ, ਉਹ ਗੁਣ ਮਨੁੱਖ ਵਿਚ ਸੁੰਦਰਤਾ ਪੈਦਾ ਕਰਦੇ ਹਨ। ਉਹ ਐਸੀ ਸੁੰਦਰਤਾ ਪੈਦਾ ਕਰਦੇ ਹਨ ਕਿ ਹੋਰ ਕਿਸੇ ਤਰ੍ਹਾਂ ਉਹ ਸੁੰਦਰਤਾ ਪੈਦਾ ਨਹੀਂ ਹੋ ਸਕਦੀ ਤੇ ਹੋਰ ਕੋਈ ਸੁੰਦਰਤਾ ਉਸ ਇਖ਼ਲਾਕੀ ਆਤਮਕ ਸੁੰਦਰਤਾ ਦੇ ਤੁਲ ਨਹੀਂ ਆ ਸਕਦੀ। ਭਗਤਾਂ ਨੂੰ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਦੈਵੀ ਸ਼ਖ਼ਸੀਅਤ ਦੀ ਸੁੰਦਰਤਾ ਹੀ ਉੱਚਤਮ ਸੁੰਦਰਤਾ ਹੈ।

(ਸ) ਨਾਮ ਦਾ ਇਕ ਹੋਰ ਕਮਾਲ ਹੈ—'ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥' ਕੋਈ ਜੀਵ ਭਾਵੇਂ ਸਾਰੀ ਉਮਰ ਜਾਂ ਕਈ ਜਨਮ ਬੁਰਾਈ ਵਿਚ

ਪਰਵਿਰਤ ਰਿਹਾ ਹੋਵੇ, ਜਨਮ ਜਨਮ ਦੀ ਮੈਲ ਉਸ ਨੂੰ ਲੱਗੀ ਹੋਵੇ—ਉਹ ਦੈਵੀ ਸ਼ਖ਼ਸੀਅਤ ਵਾਲਾ ਬਣ ਜਾਏਗਾ, ਜੇ ਉਹ ਨਾਮ ਸਿਮਰਨ ਵਲ ਲੱਗ ਪਵੇ। ਜਨਮਾਂ-ਜਨਮਾਂਤਰਾਂ ਦਾ ਸੁੱਤਾ ਪੁਰਸ਼ ਵੀ ਜਾਗ ਪਵੇਗਾ ਜੇ ਉਹ ਨਾਮ ਵਿਚ ਲੱਗ ਪਵੇ। ਨਾਮ ਮਨੁੱਖੀ ਸ਼ਖ਼ਸੀਅਤ ਨੂੰ ਝੱਟ ਹੀ ਉੱਚਾ ਕਰ ਦਿੰਦਾ ਹੈ।

(੪) ਪਰ ਨਾਮ ਦੀ ਪ੍ਰਾਪਤੀ ਗੁਰੂ ਪਾਸੋਂ ਹੀ ਸੰਭਵ ਹੈ। ਨਾਮ ਦੀ ਮਹਾਨਤਾ ਤੇ ਰੂਪ ਦੀ ਸੂਝ ਬਾਣੀ ਦੇ ਵਿਚਾਰ ਵਿਚੋਂ ਹੀ ਹੁੰਦੀ ਹੈ।

(੫) ਸੋ ਨਾਮ ਜੀਵਨ ਦਾ ਉਹ ਢੰਗ ਹੈ ਜੋ ਮਨੁੱਖ ਨੂੰ ਸੁਤੰਤਰ ਰਾਜ (ਠਾਕੁਰ), ਖ਼ੁਸ਼ਕਿਸਮਤੀ (ਸੁਭਾਗੇ), ਜਾਗਰਤੀ, ਰਸ ਤੇ ਸੁੰਦਰਤਾ ਪਰਦਾਨ ਕਰਦਾ ਹੈ। ਇਹ ਮਨੁੱਖ ਨੂੰ ਮਾਇਆ ਦੇ ਲਾਲਚ ਤੋਂ ਸੁਤੰਤਰ ਕਰਦਾ ਹੈ, ਮਾਇਆ ਲਈ ਲੋਕਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਦਿਵਾਂਦਾ ਹੈ, ਮਨੁੱਖ ਦੀ ਹੋਣੀ ਉੱਜਲ ਬਣਾਂਦਾ ਹੈ, ਮਨੁੱਖ ਨੂੰ ਅਸਲੀ ਆਦਰਸ਼ ਤੇ ਰਸ ਦੀ ਪਛਾਣ ਕਰਾਂਦਾ ਹੈ ਅਤੇ ਉਸ ਦੇ ਮਨ, ਬੁੱਧੀ, ਆਚਰਣ ਵਿਚਾਰ ਤੇ ਵਿਹਾਰ ਨੂੰ ਸੁੰਦਰ ਬਣਾਂਦਾ ਹੈ। ਸਪਸ਼ਟ ਹੈ ਕਿ ਨਾਮ ਉੱਚ ਇਖ਼ਲਾਕੀ ਪੱਧਰ ਹੈ। ਜਾਂ ਮਨੁੱਖੀ ਸ਼ਖ਼ਸੀਅਤ ਵਿਚ ਦੈਵੀ-ਗੁਣਾਂ ਨੂੰ ਪ੍ਰਵੇਸ਼ ਕਰਦਾ ਹੈ। ਕੇਵਲ ਸਿਮਰਨ ਤੇ ਬਾਣੀ-ਵਿਚਾਰ ਨਾਲ ਹੀ ਇਹ ਗੁਣ ਮਨੁੱਖੀ ਜੀਵਨ ਵਿਚ ਪੈਦਾ ਹੋ ਸਕਦੇ ਹਨ।

---

## ਦੇਵ ਗੰਧਾਰੀ ਮਹਲਾ ੪

### ੨.

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥
ਹਰਿ ਕੇ ਸੰਤ ਬਤਾਵਹੁ ਮਾਰਗੁ, ਹਮ ਪੀਛੈ ਲਾਗਿ ਚਲੀ ॥ ੧ ॥ ਰਹਾਉ ॥
ਪ੍ਰਿਅ ਕੇ ਬਚਨ ਸੁਖਾਨੇ ਹੀਅਰੈ, ਇਹ ਚਾਲ ਬਨੀ ਹੈ ਭਲੀ ॥
ਲਟੁਰੀ ਮਧੁਰੀ ਠਾਕੁਰ ਭਾਈ, ਓਹ ਸੁੰਦਰਿ ਹਰਿ ਢੁਲਿ ਮਿਲੀ ॥ ੧ ॥
ਏਕੋ ਪ੍ਰਿਉ, ਸਖੀਆ ਸਭ ਪ੍ਰਿਅ ਕੀ, ਜੋ ਭਾਵੈ ਪਿਰ ਸਾ ਭਲੀ ॥
ਨਾਨਕੁ ਗਰੀਬੁ ਕਿਆ ਕਰੈ ਬਿਚਾਰਾ, ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥

ਇਸ ਸ਼ਬਦ ਵਿਚ ਮੁਖ ਵਿਚਾਰ ਇਹ ਹਨ :—

(੧) ਪਰਮਾਤਮਾ ਬੜਾ ਸੁੰਦਰ ਹੈ—ਉਹ ਨਿਰੀ ਸੁੰਦਰਤਾ ਹੀ ਤਾਂ ਹੈ। 'ਮੇਰੋ ਸੁੰਦਰੁ, ਕਹਹੁ ਮਿਲੈ, ਕਿਤੁ ਗਲੀ ॥' ਪ੍ਰਭੂ ਸੁੰਦਰਤਾ ਦਾ ਭਾਵ ਇਹ ਹੈ ਕਿ ਉਸ ਦੇ ਗੁਣ ਸੁੰਦਰ ਹਨ, ਤਦ ਹੀ ਉਹ ਸੁੰਦਰ ਹੈ। ਚਕ੍ਰ ਚਿਹਨ ਤਾਂ ਸੁੰਦਰ ਨਹੀਂ ਕਹੇ ਗਏ—ਚਕ੍ਰ ਚਿਹਨ ਦਾ ਤਾਂ ਪਤਾ ਹੀ ਨਹੀਂ ਹੈ। ਕਰਮ-ਨਾਮ ਸੁੰਦਰ ਹਨ, ਭਾਵ ਉਸ ਦੇ ਕਰਤੱਵ ਸੁੰਦਰ ਹਨ। ਕਰਤੱਵ ਤਦ ਹੀ ਸੁੰਦਰ ਹਨ ਜੇ ਉਸ ਦੇ ਅੰਦਰ ਸੁੰਦਰ ਵਿਚਾਰ ਤੇ ਵਸਫ਼ ਹਨ। ਪ੍ਰਭੂ ਸੁੰਦਰ ਹੈ।

(੨) ਜੀਵ ਨੂੰ ਉਸ ਸੁੰਦਰਤਾ ਦਾ ਇਸ਼ਕ ਹੈ, ਤਦ ਹੀ ਜੀਵ ਅੰਦਰ ਸੁੰਦਰਤਾ ਦੀ ਲੋਚਾ ਹੈ। ਇਹ ਜੀਵ ਉਸ ਸੁੰਦਰਤਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਉਸ

ਸੁੰਦਰਤਾ ਦੇ ਨਿਵਾਸ-ਅਸਥਾਨ ਦਾ ਮਾਰਗ ਪੁਛਦਾ ਫਿਰਦਾ ਹੈ—ਯਤਨ ਕਰਦਾ ਰਹਿੰ
ਹੈ ਕਿ ਮੇਰੇ ਅੰਦਰ ਉਹ ਸੁੰਦਰਤਾ ਪੈਦਾ ਹੋਵੇ, ਉਹ ਗੁਣ ਪੈਦਾ ਹੋਣ ਜਿਨ੍ਹਾਂ ਕਰ
ਪਰਮਾਤਮਾ ਸੁੰਦਰ ਹੈ। ਜੀਵ ਪੁੱਛਦਾ ਹੈ ਕਿ ਉਸ ਸੁੰਦਰ ਪਰਮਾਤਮਾ ਦੀ ਗਲੀ ਕਿੱ
ਹੈ ਜੋ ਮੈਂ ਉਸ ਨੂੰ ਮਿਲ ਸਕਾਂ, ਉਸ ਦੀ ਸੁੰਦਰਤਾ ਮੈਨੂੰ ਪ੍ਰਾਪਤ ਹੋ ਜਾਵੇ। ਇਹ ਲਰ
ਹੀ ਨਾਮ-ਲਗਨ ਹੈ।

(੩) ਸੁੰਦਰਤਾ ਦੀ ਗਲੀ ਤੀਕ ਪਹੁੰਚ ਬੜੀ ਔਖਿਆਈ ਭਰਪੂਰ ਹੈ ; ਕਿਉਂ
ਉਹ ਰਸਤਾ ਤਾਂ ਐਸਾ ਹੈ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਸੁੰਦਰਤਾ ਦੀ ਪ੍ਰਾਪਤੀ ਬੜੀ ਘਾਲਣਾ ਨਾਲ ਹੁੰਦੀ ਹੈ, ਨਾਮ ਅਭਿਆਸ ਕਰ
ਕਰਦੇ ਮਨੁੱਖ ਕਿਤੇ ਉੱਥੇ ਪੁੱਜਦਾ ਹੈ।

(੪ ਪਰ ਉਸ ਗਲੀ ਤੀਕ ਦਾ ਪੈਂਡਾ ਤੈਅ ਕਰਨ ਵਿਚ ਸਹਾਇਤਾ ਦੇਣ ਵਾ
ਗੁਰੂ ਮੌਜੂਦ ਹੈ। ਗੁਰੂ ਨੇ ਇਹ ਸਾਰਾ ਪੈਂਡਾ ਤੈਅ ਕਰਕੇ ਵੇਖਿਆ ਹੈ—

'ਹਰਿ ਕੇ ਸੰਤ ਬਤਾਵਹੁ ਮਾਰਗੁ
ਹਮ ਪੀਛੈ ਲਾਗਿ ਚਲੀ ॥'

ਗੁਰਬਾਣੀ ਨਾਮ ਦਾ ਰਸਤਾ ਦਰਸਾਂਦੀ ਹੈ। ਗੁਰਬਾਣੀ ਹੀ ਮਨੁੱਖ ਨੂੰ ਨਾਮ
ਵਿਸ਼ਵਾਸੀ ਬਣਾ ਸਕਦੀ ਹੈ।

(੫) ਗੁਰੂ ਦਾ ਦੱਸਿਆ ਨਾਮ-ਮਾਰਗ ਇਹ ਹੈ :

'ਪ੍ਰਿਅ ਕੇ ਬਚਨ ਸੁਖਾਨੇ ਹੀਅਰੈ' ਤੇ
'ਹਰਿ ਭਾਵੈ ਤਿਤੁ ਰਾਹਿ ਚਲੀ ॥'

ਨਾਮ-ਮਾਰਗ ਇਹ ਹੈ ਕਿ ਮਨੁੱਖ ਉਹ ਕੁਝ ਕਰਤੱਵ-ਵਿਹਾਰ ਕਰੇ ਜੋ ਸੁੰਦਰ ਪ
ਨੂੰ ਪਸੰਦ ਹੈ, ਜਿਹੜੇ ਕੰਮ ਉਸ ਨੇ ਆਪ ਹੁਕਮ ਦਿੱਤੇ ਹਨ। ਸੁੰਦਰ ਪ੍ਰਭੂ ਸੁੰਦਰ ਕੰ
ਕਰਨ ਲਈ ਹੀ ਹੁਕਮ ਦੇ ਸਕਦਾ ਹੈ। ਸੁੰਦਰਤਾ ਸਤ, ਧਰਮ, ਸੁਚ, ਸੰਜਮ ਹੀ ਹਨ
ਪ੍ਰਭੂ ਨਿਆਂ ਤੇ ਧਰਮ ਦੇ ਕਰਮ ਹੀ ਕਹਿ ਸਕਦਾ ਹੈ। ਨਾਮ ਵਾਲਾ ਮਨੁੱਖ ਇਹੋ ਕਰ
ਕਰਦਾ ਹੈ। ਨਾਮ ਐਸੀ ਸੁੰਦਰ ਜੀਵਨ ਜਾਚ ਹੈ। ਇਹੋ ਸੁੰਦਰ ਪ੍ਰਭੂ ਦੀ ਪੂਜਾ ਹੈ।

(੬) ਸੁੰਦਰ ਦੀ ਇਹ ਪੂਜਾ ਮਨੁੱਖ ਨੂੰ ਸੁੰਦਰ ਬਣਾ ਦਿੰਦੀ ਹੈ, ਭਾਵੇਂ ਪਹਿ
ਮਨੁੱਖ ਕਿੰਨਾ ਹੀ ਕਰੂਪ ਤੇ ਕੋਝਾ ਸੀ, 'ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹ
ਢੁਲਿ ਮਿਲੀ'। ਹਰ ਸੁੰਦਰਤਾ ਦਾ ਉਪਾਸ਼ਕ ਆਪ ਸੁੰਦਰ-ਸਰੂਪ ਹੋ ਜਾਂਦਾ ਹੈ। ਇ
ਸੁੰਦਰ-ਸਰੂਪ ਅੰਦਰਲੀ ਸੁੰਦਰਤਾ ਕਰਕੇ ਉਜਾਗਰ ਹੁੰਦਾ ਹੈ। ਅੰਦਰਲੀ ਸੁੰਦਰ
ਇਖ਼ਲਾਕੀ. ਸਦਾਚਾਰਕ ਤੇ ਆਤਮਕ ਸੁੰਦਰਤਾ ਹੈ। ਭਗਤ ਦੀ ਸੁੰਦਰਤਾ ਤੇ ਪ੍ਰ
ਸੁੰਦਰਤਾ ਇਕੋ ਹੋ ਜਾਂਦੀ ਹੈ।

ਸਾਰੇ ਭਗਤ ਉਸੇ ਸੁੰਦਰ ਦੇ ਆਸ਼ਕ ਹਨ ਤੇ ਉਹ ਇਹਨਾਂ ਦਾ ਆਸ਼ਕ ਹੈ। ਇਹ ਇਕੋ ਟੱਬਰ ਹੈ—ਪ੍ਰਭੂ ਦੇ ਭਗਤਾਂ ਦਾ—

'ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ
ਜੋ ਭਾਵੈ ਪਿਰ ਸਾ ਭਲੀ ॥'

(੭) ਸੋ, ਨਾਮ ਸਿਮਰਨ ਉਸ ਮਾਰਗ ਤੇ ਚਲਣਾ ਹੈ ਜੋ ਸੰਤਾਂ ਨੇ ਦੱਸਿਆ ਹੈ, ਤੇ ਜੋ ਉਸ ਸੁੰਦਰ ਪਰਮਾਤਮਾ ਦੀ ਗਲੀ ਵਿਚ ਪਹੁੰਚਦਾ ਹੈ। ਇਹ ਰਸਤਾ ਪ੍ਰਭੂ-ਹੁਕਮ ਮੰਨਣ ਦਾ ਹੈ। ਸੁੰਦਰ ਦਾ ਹੁਕਮ ਸੁੰਦਰ ਕਰਮ ਕਰਨ ਦਾ ਹੈ। ਸੁੰਦਰ ਕਰਮ ਸੁੰਦਰ ਗੁਣਾਂ ਨਾਲ ਹੀ ਸੰਭਵ ਹਨ। ਸੁੰਦਰ ਸ਼ਖ਼ਸੀਅਤ ਹੀ ਨਾਮ ਵਾਲੀ ਸ਼ਖ਼ਸੀਅਤ ਹੈ।

---

## ਦੇਵ ਗੰਧਾਰੀ ਮਹਲਾ ੪

### ੩.

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥
ਗੁਰਮੁਖਿ ਰੰਗਿ ਚਲੂਲੈ ਰਾਤੀ, ਹਰਿ ਪ੍ਰੇਮ ਭੀਨੀ ਚੋਲੀਐ ॥ ੧ ॥ ਰਹਾਉ ॥
ਹਉ ਫਿਰਉ ਦਿਵਾਨੀ ਆਵਲ ਬਾਵਲ, ਤਿਸੁ ਕਾਰਣਿ ਹਰਿ ਢੋਲੀਐ ॥
ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ, ਹਮ ਤਿਸ ਕੀ ਗੁਲ ਗੋਲੀਐ ॥ ੧ ॥
ਸਤਿਗੁਰੁ ਪੁਰਖੁ ਮਨਾਵਹੁ ਅਪੁਨਾ, ਹਰਿ ਅੰਮ੍ਰਿਤੁ ਪੀ ਝੋਲੀਐ ॥
ਗੁਰਪ੍ਰਸਾਦਿ ਜਨ ਨਾਨਕ ਪਾਇਆ, ਹਰਿ ਲਾਧਾ ਦੇਹ ਟੋਲੀਐ ॥ ੨ ॥ ੩ ॥

ਇਸ ਸ਼ਬਦ ਦੇ ਮੁੱਖ ਵਿਚਾਰ ਇਸ ਤਰ੍ਹਾਂ ਲਭਦੇ ਹਨ :—

(੧) ਮਨੁੱਖ ਅੰਦਰ ਆਪਣੇ ਪ੍ਰੇਮੀ-ਪ੍ਰਭੂ (ਢੋਲ) ਨੂੰ ਮਿਲਣ ਦੀ ਤੀਬਰ ਇੱਛਾ ਹੈ। ਉਹ ਹੀ ਆਤਮਾ ਦਾ ਅਸਲਾ ਹੈ। ਆਤਮਾ ਉਸ ਤੋਂ ਵਿਛੜੀ ਹੋਈ ਹੈ, ਇਸ ਨੂੰ ਸ਼ਾਂਤੀ ਮਿਲਾਪ ਵਿਚ ਹੀ ਹੈ। ਵਿਛੋੜੇ ਦਾ ਭਾਵ ਇਹ ਹੈ ਕਿ ਇਸ ਵਿਚ ਉਹ ਬਲ, ਸ਼ਕਤੀ, ਸਮਰੱਥਾ ਰਸ ਨਹੀਂ ਰਹੇ ਜੋ ਇਸ ਨੂੰ ਅਸਲੇ ਨਾਲ ਮਿਲੇ ਹੋਣ ਕਰਕੇ ਪ੍ਰਾਪਤ ਸਨ। ਵਿਛੋੜੇ ਕਰਕੇ ਮਨੁੱਖੀ ਹਿਰਦਾ ਅਸ਼ਾਂਤ ਹੈ। ਇਹ ਹੈ—'ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।'

(੨) ਇਸ ਅਸ਼ਾਂਤੀ ਨੂੰ ਦੂਰ ਕਰਨ ਦਾ ਮਾਰਗ ਕੇਵਲ ਗੁਰੂ ਦੱਸ ਸਕਦਾ ਹੈ। ਗੁਰੂ ਮਨੁੱਖ ਵਿਚ ਆਪਣੇ ਅਸਲੇ ਦਾ ਇਸ਼ਕ ਪੈਦਾ ਕਰਦਾ ਹੈ। ਮਨੁੱਖ ਉਸੇ ਰੰਗ ਵਿਚ ਰੰਗਿਆ ਜਾਂਦਾ ਹੈ ਜੋ ਰੰਗ ਉਸ ਦੇ ਅਸਲੇ ਪਰਮਾਤਮਾ ਦਾ ਹੈ।

'ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ॥'
'ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥'

(੩) ਗੁਰੂ ਪ੍ਰਭੂ ਮਿਲਾਪ ਲਈ ਰਸਤਾ ਇਹ ਦਸਦਾ ਹੈ ਕਿ 'ਮੇਰੇ ਮਨ, ਮੁਖਿ ਹਰਿ ਹਰਿ ਹਰਿ ਬੋਲੀਐ ॥' ਪ੍ਰਭੂ ਨਾਮ ਦਾ ਸਿਮਰਨ ਹੀ ਪ੍ਰਭੂ ਮਿਲਾਪ ਦਾ ਸਾਧਨ ਹੈ।

(੪) ਸਿਮਰਨ ਦੁਆਰਾ ਹਰੀ ਮਨੁੱਖੀ ਸਰੀਰ ਵਿਚੋਂ ਹੀ ਪ੍ਰਗਟ ਹੋ ਜਾਂਦਾ ਹੈ ਸਿਮਰਨ ਕਰਦਿਆਂ ਕਰਦਿਆਂ ਮਨੁੱਖ ਆਪ ਹਰੀ-ਸਰੂਪ ਹੀ ਹੋ ਜਾਂਦਾ ਹੈ—ਇਹੋ ਸਰੀ ਵਿਚੋਂ ਪਰਮਾਤਮਾ ਦਾ ਮਿਲਣਾ ਹੈ। ਹਰੀ ਮਨੁੱਖ ਤੋਂ ਵੱਖਰਾ ਨਹੀਂ ਹੈ—'ਗੁਰਪ੍ਰਸਾ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥'

ਸਰੀਰ ਅੰਦਰ ਹੀ ਉਹ ਸਾਰੀਆਂ ਸ਼ਕਤੀਆਂ ਹਨ ਜੋ ਮਨੁੱਖ ਨੂੰ ਇਤਨਾ ਉੱ ਲੈ ਜਾਂਦੀਆਂ ਹਨ ਜਿੰਨਾ ਪਰਮਾਤਮਾ ਉੱਚਾ ਹੈ।

ਮਨੁੱਖ ਅੰਦਰ, ਸਿਮਰਨ ਦੁਆਰਾ ਉਹ ਮਹਾਨਤਾ ਪੈਦਾ ਹੋ ਜਾਂਦੀ ਹੈ ਜੋ ਪ੍ਰਭੂ ਮਹਾਨਤਾ ਹੈ। ਉਹ ਸਾਰੇ ਗੁਣ ਮਨੁੱਖ ਵਿਚ ਪੈਦਾ ਹੋ ਜਾਂਦੇ ਹਨ, ਜੋ ਰੱਬੀ-ਗੁਣ ਹਨ।

(੫) ਪ੍ਰਭੂ-ਗੁਣ ਉਹ ਹਨ ਜਿਨ੍ਹਾਂ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ—'ਸਤਿਗੁਰੁ ਪੁਰ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥' ਪ੍ਰਭੂ-ਗੁਣ ਅੰਮ੍ਰਿਤ ਹਨ ਤੇ ਅੰਮ੍ਰਿ ਭਾਰਤੀ ਸਭਿਆਚਾਰ ਅਨੁਸਾਰ ਸੀਤਲ, ਮਿੱਠਾ, ਸ਼ੁੱਭ ਤੇ ਪਵਿੱਤਰ ਹੈ। ਅੰਮ੍ਰਿ ਸ਼ਖ਼ਸੀਅਤ ਉਹ ਹੈ ਜਿਸ ਵਿਚ ਸੱਚ, ਪਵਿੱਤਰਤਾ, ਮਿਠਾਸ ਆਦਿ ਗੁਣ ਹਨ। ਇ ਹੀ ਨਾਮ ਦੀ ਉਪਜ ਹੈ। ਨਾਮ-ਸਿਮਰਨ ਨਾਲ ਮਨੁੱਖ ਦੇ ਅੰਦਰੋਂ ਇਹ ਗੁਣ ਪ੍ਰਗਟ ਜਾਂਦੇ ਹਨ। ਇਨ੍ਹਾਂ ਗੁਣਾਂ ਦਾ ਪ੍ਰਗਟ ਹੋਣਾ ਹੀ ਅੰਦਰੋਂ ਹਰੀ ਦਾ ਮਿਲ ਜਾਣਾ ਹੈ।

ਇਸ ਅੰਮ੍ਰਿਤ ਦਾ ਮਨੁੱਖ ਅੰਦਰ ਖੂਹ ਭਰਿਆ ਪਿਆ ਹੈ, ਭਾਵ ਮਨੁੱਖ ਅੰਦ ਨਿਰਮਲ ਤੇ ਪਵਿੱਤਰ ਸ਼ਖ਼ਸੀਅਤ ਦੀ ਸੰਭਾਵਨਾ ਹੈ। ਸਿਮਰਨ ਦੁਆਰਾ ਇਹ ਸੰਭਾਵ ਫਲੀਭੂਤ ਹੁੰਦੀ ਹੈ ਤੇ ਮਨੁੱਖ ਅੰਦਰ ਅੰਮ੍ਰਿਤ ਸ਼ਖ਼ਸੀਅਤ ਪੈਦਾ ਹੁੰਦੀ ਹੈ। ਕੇਵ ਸਿਮਰਨ ਹੀ ਮਨੁੱਖ ਅੰਦਰੋਂ ਮਨੁੱਖ ਨੂੰ 'ਅੰਮ੍ਰਿਤ' ਜਾਂ 'ਹਰਿ' ਲਭਾ ਸਕਦਾ ਹੈ।

(੬) ਸੋ, ਨਾਮ ਸਿਮਰਨ ਨਾਲ ਪੈਦਾ ਹੋਣ ਵਾਲਾ ਕਮਾਲ 'ਅੰਮ੍ਰਿਤ-ਮ ਸ਼ਖ਼ਸੀਅਤ' ਹੈ। ਅੰਮ੍ਰਿਤ ਇਹ ਹੈ :—

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ, ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ, ਸਚਾ ਮਨਿ ਵਸਾਇਆ ॥
ਜੀਅ ਜੰਤ ਸਭਿ ਤੁਧੁ ਉਪਾਏ, ਇਕਿ ਵੇਖਿ ਪਰਸਣਿ ਆਇਆ ॥
ਲਬੁ ਲੋਭੁ ਅਹੰਕਾਰੁ ਚੂਕਾ, ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸਨੋ ਆਪਿ ਤੁਠਾ, ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥

ਲਬੁ, ਲੋਭੁ, ਅਹੰਕਾਰੁ ਦੇ ਉਲਟ ਤਿਆਗ, ਕੁਰਬਾਨੀ ਤੇ ਨਿਰਮਾਣਤਾ ਦੇ ਗੁ ਵਾਲੀ ਸ਼ਖ਼ਸੀਅਤ ਹੀ ਹੈ। ਇਹੋ ਨਾਮ ਦੀ ਸ਼ਖ਼ਸੀਅਤ ਹੈ, ਇਹੋ ਅੰਮ੍ਰਿਤ ਸ਼ਖ਼ਸੀਅਤ

---

ਦੇਵ ਗੰਧਾਰੀ ਮਹਲਾ ੪

੪.

ਅਬ ਹਮ ਚਲੀ ਠਾਕੁਰ ਪਹਿ ਹਾਰਿ ॥
ਜਬ ਹਮ ਸਰਣਿ ਪ੍ਰਭੂ ਕੀ ਆਈ
ਰਾਖੁ ਪ੍ਰਭੂ ਭਾਵੈ ਮਾਰਿ ॥ ੧ ॥ ਰਹਾਉ ॥

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ ॥ ੧ ॥
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ
ਤਿਸੁ ਰਾਖਹੁ ਕਿਰਪਾ ਧਾਰਿ ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ
ਰਾਖਹੁ ਲਾਜ ਮੁਰਾਰਿ ॥ ੨ ॥ ੪ ॥

ਇਸ ਸ਼ਬਦ ਦੇ ਪ੍ਰਮੁਖ ਵਿਚਾਰ ਇਸ ਪ੍ਰਕਾਰ ਜਾਪਦੇ ਹਨ :—

(੧) ਹਰ ਮਨੁੱਖ ਦੇ ਅੰਦਰ ਇੱਛਾ ਹੈ ਕਿ ਉਸ ਦੀ ਲਾਜ ਰਹਿ ਜਾਏ। ਹਰ ਮਨੁੱਖ ਦੀ ਇੱਛਾ ਹੈ ਕਿ ਉਸ ਦੀ ਇੱਜ਼ਤ ਬਣੀ ਰਹੇ, ਉਸ ਦਾ ਇਤਬਾਰ ਬਣਿਆ ਰਹੇ। ਮਨੁੱਖ ਇੱਜ਼ਤ ਦਾ ਭੁੱਖਾ ਹੈ।

(੨) ਮਨੁੱਖ ਦੀ ਲਾਜ ਤਦ ਹੀ ਰਹਿ ਸਕਦੀ ਹੈ ਜੇ ਉਸ ਵਿਚ ਕਈ ਐਸੀਆਂ ਖ਼ੂਬੀਆਂ ਹੋਣ ਜੋ ਇਕ ਸਾਧਾਰਨ ਮਨੁੱਖ ਵਿਚ ਹੋਣੀਆਂ ਚਾਹੀਦੀਆਂ ਹਨ। ਇਹ ਖ਼ੂਬੀਆਂ ਉਹ ਹੀ ਹਨ ਜੋ ਮਨੁੱਖ ਹੋਣ ਲਈ ਜ਼ਰੂਰੀ ਹਨ—ਈਮਾਨਦਾਰੀ, ਪਵਿੱਤਰਤਾ, ਦਇਆ, ਧਰਮ, ਸੁਚ, ਸੰਜਮ ਸਚੁ ਆਦਿ। ਕੋਈ ਸ਼ੁੱਭ ਗੁਣ ਹੀ ਮਨੁੱਖ ਲਈ ਇੱਜ਼ਤ ਉਤਪੰਨ ਕਰ ਸਕਦੇ ਹਨ। ਸ਼ਖ਼ਸੀਅਤ ਦਾ ਕੋਈ ਵਿਸ਼ੇਸ਼ ਪੱਧਰ ਹੀ ਮਨੁੱਖ ਲਈ ਸਾਥੀਆਂ ਵਿਚ ਸਤਿਕਾਰ ਪੈਦਾ ਕਰਦਾ ਹੈ। ਇਹ ਗੁਣ ਹੀ ਮਨੁੱਖ ਨੂੰ ਨਿਰਾਦਰ ਤੇ ਨਮੋਸ਼ੀ ਤੋਂ ਬਚਾ ਸਕਦੇ ਹਨ, ਨਹੀਂ ਤਾਂ ਮਨੁੱਖ ਕਿਸੇ ਨ ਕਿਸੇ ਦੋਸ਼ ਕਰਕੇ ਘ੍ਰਿਣਤ ਹੋ ਜਾਏਗਾ। ਤਾਂ ਤੇ ਲਾਜ ਰਹਿਣ ਦਾ ਭਾਵ ਇਹ ਹੈ ਕਿ ਮਨੁੱਖ ਹੋਰ ਮਨੁੱਖਾਂ ਦੀਆਂ ਆਸਾਂ ਦੇ ਬਰਾਬਰ ਉਤਰੇ, ਕੁਝ ਮਿਆਰਾਂ ਦੇ ਤੁਲ ਹੋ ਸਕੇ। ਇਹ ਹੈ—

ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ
ਤਿਸੁ ਰਾਖਹੁ ਕਿਰਪਾ ਧਾਰਿ ॥
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ
ਰਾਖਹੁ ਲਾਜ ਮੁਰਾਰਿ ॥

ਹੇ ਪਰਮਾਤਮਾ, ਮੇਰੀ ਲਾਜ ਰੱਖ ਲਓ।

(੩) 'ਲਾਜ ਰਹਿਣ' ਤੇ 'ਰਾਖਹੁ ਕਿਰਪਾ ਧਾਰਿ' ਤੋਂ ਜੋ ਭਾਵ ਹੈ, ਉਹ ਸਪਸ਼ਟ ਕਰਨ ਲਈ 'ਮੁਰਾਰਿ' ਵਲ ਸੰਕੇਤ ਕੀਤਾ ਹੈ। 'ਮੁਰਾਰਿ' ਦਾ ਭਾਵ 'ਮੁਰ ਰਾਖਸ਼ ਦੇ ਮਰਨ ਵਾਲੇ—ਕ੍ਰਿਸ਼ਨ ਜੀ ਤੋਂ ਹੈ, ਪਰ ਅਸੀਂ ਇਥੇ ਹਰੀ ਨੂੰ ਸੰਬੋਧਨ ਕਰਕੇ ਮੁਰਾਰਿ ਕਹਿ ਰਹੇ ਹਾਂ। ਤਾਂ ਤੇ 'ਮੁਰਾਰਿ' ਦਾ ਭਾਵ 'ਰਾਖ਼ਸ਼ਾਂ ਦੇ ਮਾਰਨ ਵਾਲਾ ਹੋਇਆ'। ਜਦੋਂ 'ਮੁਰਾਰਿ' ਮਨੁੱਖ ਦੀ ਸਹਾਇਤਾ ਕਰਦਾ ਹੈ ਤਾਂ ਮਨੁੱਖ ਵੀ 'ਰਾਖ਼ਸ਼ਾਂ ਦੇ ਮਾਰਨ ਵਾਲਾ' ਹੋ ਨਿਬੜਦਾ ਹੈ। ਮਨੁੱਖ ਦੇ ਅੰਦਰ ਹੀ ਰਾਖ਼ਸ਼ ਹਨ—ਕਾਮਾਦਿਕ। ਮਨੁੱਖ ਦੀ ਲਾਜ ਤਦ ਰਹਿੰਦੀ ਹੈ ਜੇ ਪਰਮਾਤਮਾ ਕਿਰਪਾ ਕਰਕੇ ਉਸ ਅੰਦਰੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ, ਝੂਠ ਆਦਿ ਰਾਖ਼ਸ਼ ਮਾਰ ਦੇਵੇ ਜਾਂ ਉਸ ਨੂੰ ਇਹਨਾਂ ਦੇ ਮਾਰਨ ਦਾ ਬਲ ਪਰਦਾਨ ਕਰ ਦੇਵੇ।

ਤਾਂ ਤੇ ਲਾਜ ਰਹਿਣ ਦਾ ਭਾਵ ਤਾਂ ਇਹ ਹੀ ਨਿਕਲਿਆ ਕਿ ਮਨੁੱਖ ਵਿਚੋਂ
ਕਾਮਾਦਿਕ ਔਗੁਣ ਦੂਰ ਹੋਣ ਅਤੇ ਸ਼ੁੱਭ ਗੁਣ ਉਸ ਅੰਦਰ ਪਰਵੇਸ਼ ਕਰਨ ।

(੪) ਇਹ ਹੀ ਪ੍ਰਭੂ-ਸ਼ਰਣ ਦੀ ਪ੍ਰਾਪਤੀ ਹੈ । ਜਿਸ ਨੂੰ ਪ੍ਰਭੂ-ਸ਼ਰਣ ਪ੍ਰਾਪਤ ਹੋਵੇ
ਕਾਮਾਦਿਕ ਉਸ ਤੇ ਹਮਲਾ ਕਰਕੇ ਉਸ ਨੂੰ ਦੁਖਾ ਨਹੀਂ ਸਕਦੇ ।

(੫) ਪ੍ਰਭੂ-ਸ਼ਰਣ ਦੀ ਪ੍ਰਾਪਤੀ ਪੂਰੇ ਵਿਸ਼ਵਾਸ ਨਾਲ ਦ੍ਰਿੜ੍ਹ ਹੋ ਕੇ ਨਾਮ ਸਿਮਰ
ਵਿਚ ਲੱਗਣਾ ਹੈ । ਭਗਤੀ ਹੀ ਸ਼ਰਣ ਹੈ । ਲੋਕਾਂ ਦੀਆਂ ਗੱਲਾਂ ਤੋਂ ਬੇਫ਼ਿਕਰ ਹੋ ਕੇ ਉ
ਪਾਸੇ ਲੱਗ ਜਾਣਾ । ਸਿਮਰਨ ਹੀ ਠੀਕ ਮਾਰਗ ਹੈ । ਦ੍ਰਿੜ੍ਹਤਾ ਨਾਲ ਇਸ ਮਾਰਗ
ਤੁਰਨਾ ਪੈਂਦਾ ਹੈ ।

(੬) ਸਿਮਰਨ ਨਾਲ ਮਨੁੱਖ ਦੇ ਅੰਦਰ ਉਹ ਬਲ ਪੈਦਾ ਹੁੰਦਾ ਹੈ ਜਿਸ ਨਾ
ਉਹ ਕਾਮਾਦਿਕ ਨੂੰ ਮਾਰ, ਲਾਜ ਵਾਲਾ ਸਤਿਕਾਰ ਵਾਲਾ ਸਿੱਧ ਹੁੰਦਾ ਹੈ । ਲਾ
ਰਹਿਣ ਦਾ ਬੜਾ ਸੋਹਣਾ ਮਿਆਰ ਇਹ ਸੁਝਾਇਆ ਹੈ ਕਿ ਇਹ ਆਪਣੇ ਮਨ ਦ
ਤਸੱਲੀ ਹੈ ਕਿ ਮੈਂ ਠੀਕ ਮਨੁੱਖਤਾ ਵਾਲੇ ਰਾਹ ਤੇ ਹਾਂ । ਇਸ ਦਾ ਆਧਾਰ ਲੋਕਾਂ ਦ
ਰਾਏ ਵੀ ਨਹੀਂ ਹੈ । ਜੇ ਮੇਰੇ ਮਨ ਨੂੰ ਤਸੱਲੀ ਹੈ ਕਿ ਮੈਂ ਕੋਈ ਕੁਕਰਮ ਨਹੀਂ ਕੀਤਾ ਤ
ਮੈਨੂੰ ਸੰਤੁਸ਼ਟਤਾ ਹੋਵੇਗੀ । ਪਰ ਜੇ ਮੈਂ ਪੂਰੇ ਮਿਆਰ ਤੇ ਨਹੀਂ ਅਤੇ ਲੋਕ ਐਵੇਂ ਮੇਰ
ਚਾਪਲੂਸੀ ਆਦਿ ਕਰਦੇ ਹਨ, ਤਾਂ ਅਸਲ ਵਿਚ ਮੇਰੀ ਲਾਜ ਨਹੀਂ ਰਹਿ ਰਹੀ, ਭਾਵੇ
ਸੰਸਾਰ ਵਿਚ ਮੇਰੀ ਲਾਜ ਰਹੀ ਹੋਈ ਹੈ ਪਰ ਇਸ ਲਾਜ ਦਾ ਪਾਜ ਤਾਂ ਕਿਸ ਵੇਲ
ਉਘੜ ਸਕਦਾ ਹੈ । ਸੋ ਲਾਜ ਰਹੀ ਹੈ, ਜਿਥੇ ਆਪਣਾ ਮਨ ਆਪਣੇ ਕਰਤੱਵ ਤੇ ਰਹਿਣ
ਤੋਂ ਸੰਤੁਸ਼ਟ ਹੈ । ਇਹ ਹੈ :—

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ, ਹਮ ਤਨੁ ਦੀਓ ਹੈ ਢਾਰਿ ॥

(੭) ਕਿਸੇ ਉੱਚੇ ਤੇ ਸੁੱਚੇ ਆਦਰਸ਼ ਪਿਛੇ ਪੂਰੀ ਤਰ੍ਹਾਂ ਲੱਗਣ ਨਾਲ ਹੀ ਲਾ
ਵਾਲਾ ਆਚਰਣ ਪੈਦਾ ਹੁੰਦਾ ਹੈ । ਆਦਰਸ਼ ਹੀ ਮਨੁੱਖੀ ਹਿਰਦੇ ਵਿਚ ਬਲ ਪੈਦਾ ਕਰਦ
ਹੈ ਅਤੇ ਉਸ ਵਿਚ ਖ਼ੂਬੀਆਂ ਪੈਦਾ ਕਰਦਾ ਹੈ । ਸਾਰਾ ਕੁਝ ਉਸ ਆਦਰਸ਼ ਲਈ ਲਗ
ਦੇਣਾ ਹੁੰਦਾ ਹੈ ।

ਜਿਹਨਾਂ ਲੋਕਾਂ ਦਾ ਆਦਰਸ਼ ਪ੍ਰਮਾਤਮਾ ਪ੍ਰਾਪਤੀ ਹੋ ਜਾਂਦਾ ਹੈ, ਉਹਨਾਂ ਵਿਚ ਹ
ਸਾਰੀਆਂ ਖ਼ੂਬੀਆਂ ਪੈਦਾ ਹੁੰਦੀਆਂ ਹਨ । ਪ੍ਰਮਾਤਮਾ ਆਪ ਖ਼ੂਬੀਆਂ ਦਾ ਹੀ ਰੂਪ ਹੈ
ਇਹ ਹੈ :

ਅਬ ਹਮ ਚਲੀ ਠਾਕੁਰ ਪਹਿ ਹਾਰਿ ॥
ਜਬ ਹਮ ਸਰਣਿ ਪ੍ਰਭੂ ਕੀ ਆਈ,
ਰਾਖੁ ਪ੍ਰਭੂ ਭਾਵੈ ਮਾਰਿ ॥

(੮) ਕੋਈ ਮਨੁੱਖ ਪਰਮਾਤਮਾ ਨੂੰ ਆਪਣਾ ਆਦਰਸ਼ ਤਦ ਬਣਾਂਦਾ ਹੈ, ਜਦੋ
ਉਹ ਹੋਰ ਸਾਰੇ ਤਰੀਕਿਆਂ ਨੂੰ ਅਜ਼ਮਾ ਚੁਕਦਾ ਹੈ ਕਿ ਇਹਨਾਂ ਨਾਲ ਲਾਜ ਨਹੀ
ਰਹਿੰਦੀ, ਜਿਵੇਂ ਧਨ ਪ੍ਰਾਪਤੀ, ਪਦਵੀ ਪ੍ਰਾਪਤੀ ਆਦਿ । ਇਹ ਸਾਧਨ ਮਨੁੱਖ
ਉਹ ਸ਼ਾਂਤੀ ਨਹੀਂ ਦਿੰਦੇ ਜੋ ਸ਼ੁੱਭ ਗੁਣਾਂ ਦੀ ਪੂੰਜੀ ਦਿੰਦੀ ਹੈ । ਇਹ ਸਾਧਨ ਸੰਸਾ

ਵਿਚ ਮਨੁੱਖ ਦੀ ਇੱਜ਼ਤ ਬਣਾ ਦਿੰਦੇ ਹਨ। ਪਰ ਸਹੀ ਲਾਜ ਤਾਂ ਤਦ ਰਹਿਣੀ ਹੈ ਜੇ ਮਨੁੱਖ ਆਪਣੇ ਵਤੀਰੇ ਨਾਲ ਆਪ ਸੰਤੁਸ਼ਟ ਹੋਵੇ।

(੯) ਸੋ ਨਾਮ ਸ੍ਵੈ-ਸੰਜਮ ਪਵਿੱਤਰਤਾ ਤੇ ਖ਼ੂਬੀਆਂ ਵਾਲਾ ਜੀਵਨ ਹੀ ਹੈ।

---

## ਦੇਵ ਗੰਧਾਰੀ ਮਹਲਾ ੪

### ੫.

ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥
ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ ॥੧॥ਰਹਾਉ॥
ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ ॥
ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮ ਹੀਣ ਕੂੜਿਆਰੀ ॥ ੧ ॥
ਹਮਰੀ ਮੁਦ੍ਰ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ ॥
ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਣਿ ਤੁਮਾਰੀ ॥੨॥੫॥

ਇਸ ਸ਼ਬਦ ਦੇ ਮੁਖ-ਵਿਚਾਰ ਇਹ ਹਨ :

(੧) ਪਰਮਾਤਮਾ ਪਵਿੱਤਰਤਾ ਹੈ—'ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ।' ਪਰਮਾਤਮਾ ਪਵਿੱਤਰਤਾ ਦਾ ਹੀ ਨਾਮ ਹੈ। ਪਵਿੱਤਰਤਾ ਦਾ ਭਾਵ ਪਵਿੱਤਰ ਵਿਚਾਰ ਤੇ ਵਿਹਾਰ ਹੀ ਹੋ ਸਕਦਾ ਹੈ। ਜਿਸ ਹਿਰਦੇ ਵਿਚ ਪਰਮਾਤਮਾ ਹੈ, ਉਥੇ ਪਵਿੱਤਰਤਾ ਹੁੰਦੀ ਹੈ।

(੨) ਪਰਮਾਤਮਾ ਪਵਿੱਤਰ ਹੈ, ਉਸ ਨਾਲ ਮਿਲਣ ਲਈ ਪਵਿੱਤਰਤਾ ਦੀ ਲੋੜ ਹੈ। ਅਪਵਿੱਤਰ, ਝੂਠਾ, ਕਾਮੀ ਮਨੁੱਖ ਪਰਮਾਤਮਾ ਨੂੰ ਨਹੀਂ ਮਿਲ ਸਕਦਾ।

ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ,
ਹਮ ਕਿਉ ਕਰਿ ਮਿਲਹ ਜੂਠਾਰੀ ॥

ਜੂਠ ਦਾ ਭਾਵ ਅਪਵਿੱਤਰ ਵਿਚਾਰਾਂ ਵਾਲਾ ਹੀ ਹੈ। ਅਪਵਿੱਤਰ ਵਿਚਾਰਾਂ ਵਿਚੋਂ ਅਪਵਿੱਤਰ ਵਿਹਾਰ ਪੈਦਾ ਹੁੰਦਾ ਹੈ।

ਜੂਠ ਦੇ ਵਿਸ਼ੇਸ਼ ਨਮੂਨੇ ਦੋ ਦੱਸੇ ਹਨ :—

(ੳ) 'ਹਮਰੈ ਜੀਇ ਹੋਰੁ' ਮੁਖਿ ਹੋਰੁ ਹੋਤ ਹੈ' ਜਦੋਂ ਮਨ ਵਿਚ ਹੋਰ ਹੋਵੇ ਅਤੇ ਮੁਖੋਂ ਹੋਰ ਕਹੇ, ਤਾਂ ਇਹ ਹੀ ਜੂਠ ਹੈ, ਝੂਠ ਹੈ, ਧੋਖਾ ਹੈ, ਅਪਵਿੱਤਰਤਾ ਹੈ। ਇਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਪਰਤੱਖ ਨਹੀਂ ਹੈ ਕਿਉਂਕਿ ਇਹ ਝੂਠ ਬੋਲ ਸਕਦਾ ਹੈ। ਨਾਮ ਦਾ ਭਾਵ ਹੀ ਇਹ ਹੈ ਕਿ ਪਰਮਾਤਮਾ ਮਨੁੱਖੀ ਹਿਰਦੇ ਵਿਚ ਪਰਤੱਖ ਪ੍ਰਗਟ ਹੋਵੇ।

(ਅ) 'ਹਮਰੀ ਮੁਦ੍ਰ ਨਾਮੁ ਹਰਿ ਸੁਆਮੀ, ਰਿਦ ਅੰਦਰਿ ਦੁਸਟ ਦੁਸਟਾਰੀ'। ਇਹ 'ਜੂਠਾਰੀ' ਦਾ ਦੂਜਾ ਰੂਪ ਹੈ। ਪਖੰਡ ਤੇ ਭੇਖ ਕਰਕੇ ਡੰਭ ਕਰਨਾ ਇਸ ਦਾ ਭਾਵ ਵੀ ਪਹਿਲੇ ਵਾਲਾ ਹੀ ਹੈ ਕਿ ਹਿਰਦੇ ਵਿਚ ਕੁਝ ਹੋਰ ਹੋਣਾ ਅਤੇ ਮੂੰਹੋਂ ਝੂਠੀ-ਮੂਠੀ ਕੁਝ ਹੋਰ

ਕਹਿਣਾ। ਇਹ ਦੁਸ਼ਟਤਾ ਹੈ। ਜਿੱਥੇ ਇਹ ਨੀਚਤਾ ਹੈ, ਉਥੇ ਪਰਮਾਤਮਾ ਨਹੀਂ ਹੋ ਸਕਦਾ, ਨਾਮ ਉਥੇ ਨਹੀਂ ਹੈ।

(੩) ਜਿਸ ਹਿਰਦੇ ਵਿਚ ਨਾਮ ਆ ਜਾਵੇ, ਉਹ ਪਵਿੱਤਰ ਤੇ ਸੱਚਾ ਸੁੱਚਾ ਹੋ ਜਾਂਦਾ ਹੈ। ਨਾਮ ਹਰੀ-ਗੁਣ ਗਾਉਣ ਨਾਲ ਹਿਰਦੇ ਵਿਚ ਪਰਵੇਸ਼ ਕਰਦਾ ਹੈ, ਗੁਰੂ ਦੀ ਸੰਗਤ ਨਾਲ, ਬਾਣੀ ਦੇ ਵਿਚਾਰ ਨਾਲ।

ਜੋ ਮਨੁੱਖ ਹਰੀ-ਗੁਣ ਗਾਉਣ ਵਾਲਾ ਹੈ, ਉਸ ਦੇ ਹਿਰਦੇ ਵਿਚ ਨਾਮ ਪਰਵੇਸ਼ ਕਰਦਾ ਹੈ, ਪਰ ਇਸ ਪਾਸੇ ਲਗਦਾ ਉਹ ਹੈ ਜੋ ਪ੍ਰਭੂ ਦੀ ਸ਼ਰਨ ਵਿਚ ਆ ਜਾਂਦਾ ਹੈ। 'ਹਰਿ ਗੁਣ ਗਾਵੈ, ਹਉ ਤਿਸੁ ਬਲਿਹਾਰੀ ॥ ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ ॥' ਤਾਂ ਤੇ ਅਰਦਾਸ ਕਰਨੀ ਹੈ ਕਿ ਪਰਮਾਤਮਾ ਮਨੁੱਖ ਨੂੰ ਆਪਣੀ ਸ਼ਰਨ ਬਖ਼ਸ਼ੇ।

ਜਿਉ ਭਾਵੈ ਤਿਉ ਰਾਖਹੁ ਸੁਆਮੀ,
ਜਨ ਨਾਨਕ ਸਰਣਿ ਤੁਮ੍ਹਾਰੀ ॥

(੪) ਨਾਮ ਦਾ ਵਿਸ਼ੇਸ਼ ਕਰਤੱਵ 'ਮੁਰਾਰੀ' ਹੋਣਾ ਹੈ। 'ਮੁਰਾਰੀ' ਦਾ ਭਾਵ ਹੈ 'ਮੁਰ ਰਾਖਸ਼ ਦੇ ਮਾਰਨ ਵਾਲਾ'। ਨਾਮ ਹੀ 'ਮੁਰਾਰੀ' ਹੈ ਅਤੇ ਮਨ ਵਿਚਲੇ ਰਾਖ਼ਸ਼ਾਂ ਦਾ ਘਾਤਕ ਹੈ।

ਮਨ ਦੇ ਰਾਖਸ਼ ਇਸ ਸ਼ਬਦ ਅਨੁਸਾਰ 'ਜੂਠਾਰੀ' ਹੋਣਾ ਅਤੇ 'ਜੀਇ ਹੋਰੁ ਮੁਖਿ ਹੋਰ' ਹੋਣਾ ਹਨ; 'ਕਰਮਹੀਣ ਕੂੜਿਆਰੀ' ਹੋਣਾ ਹਨ।

ਨਾਮ ਹਿਰਦੇ ਦੇ ਇਹਨਾਂ ਰਾਖ਼ਸ਼ਾਂ ਨੂੰ ਮਾਰਦਾ ਹੈ। ਨਾਮ ਕਾਮਾਦਿਕ ਔਗੁਣਾਂ ਨੂੰ ਮਾਰਦਾ ਹੈ ਅਤੇ ਮਨੁੱਖ ਨੂੰ ਸੋਹਣੀ ਉੱਤਮ ਸ਼ਖ਼ਸੀਅਤ ਦਿੰਦਾ ਹੈ।

(੫) ਸੋ ਨਾਮ ਦਾ ਕਰਤੱਵ ਮਨੁੱਖੀ ਹਿਰਦੇ ਵਿਚੋਂ ਦੁਸ਼ਟਤਾ, ਜੂਠ, ਕਪਟ ਅਤੇ ਕੂੜ ਨੂੰ ਕਢਣਾ ਹੈ। ਨਾਮ ਨੇ ਸਦਾਚਾਰਕ ਉੱਤਮ ਸ਼ਖ਼ਸੀਅਤ ਪਰਦਾਨ ਕਰਨੀ ਹੈ।

ਨਾਮ-ਸਿਮਰਨ ਦਾ ਸਬੂਤ ਹੀ ਸ਼ਖ਼ਸੀਅਤ ਦੇ ਪੱਧਰ ਵਿਚੋਂ ਮਿਲਦਾ ਹੈ।

————

# ਸ੍ਰੀ ਗੁਰੂ ਅਰਜਨ ਦੇਵ ਜੀ

## ਆਸਾ ਮਹਲਾ ੫

# ਆਸਾ ਮਹਲਾ ੫

੧.

ਨਉ ਨਿਧਿ ਤੇਰੈ ਸਗਲ ਨਿਧਾਨ ॥
ਇਛਾ ਪੂਰਕੁ ਰਖੈ ਨਿਦਾਨ ॥ ੧ ॥
ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥
ਤੂੰ ਮਨਿ ਵਸਿਆ ਲਗੈ ਨ ਦੂਖਾ ॥ ੧ ॥ ਰਹਾਉ ॥
ਜੋ ਤੂੰ ਕਰਹਿ ਸੋਈ ਪਰਵਾਣੁ ॥
ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥ ੨ ॥
ਜਾ ਤੁਧੁ ਭਾਵੈ ਤਾ ਹਰਿ ਗੁਣ ਗਾਉ ॥
ਤੇਰੈ ਘਰਿ ਸਦਾ ਸਦਾ ਹੈ ਨਿਆਉ ॥ ੩ ॥
ਸਾਚੇ ਸਾਹਿਬ ਅਲਖ ਅਭੇਵ ॥
ਨਾਨਕ ਲਾਇਆ ਲਾਗਾ ਸੇਵ ॥੪॥੨੦॥

ਨਾਮ ਦੁਆਰਾ ਪਰਮਾਤਮਾ ਮਨ ਵਿਚ ਵਸ ਜਾਂਦਾ ਹੈ। ਜੇ ਉਹ ਮਨ ਵਿਚ ਵਸ ਜਾਏ, ਤਾਂ ਮਨ ਦੀ ਦਸ਼ਾ ਇਸ ਪ੍ਰਕਾਰ ਦੀ ਹੋ ਜਾਣੀ ਚਾਹੀਦੀ ਹੈ :—

(੧) ਮਨ ਵਿਚ ਭੁਖ ਨ ਰਹੇ ਸਗੋਂ ਰਜੇਵਾਂ ਤੇ ਅਮੀਰੀ ਮਨ ਵਿਚ ਆ ਜਾਏ। ਨਾਮ ਵਾਲਾ ਮਨ ਰੱਜਿਆ ਪੁੱਜਿਆ ਹੁੰਦਾ ਹੈ। ਉਸ ਵਿਚ ਲਾਲਚ ਤੇ ਤ੍ਰਿਸ਼ਨਾ ਨਹੀਂ ਹੁੰਦੇ—ਇਹ ਪਦਾਰਥਕ ਰਜੇਵਾਂ ਹੈ; ਉਥੇ ਈਰਖਾ ਨਹੀਂ ਹੁੰਦੀ, ਨਿੰਦਾ ਨਹੀਂ ਹੁੰਦੀ—ਇਹ ਮਾਨਸਕ ਤੇ ਮਨੋ-ਵਿਗਿਆਨਕ ਰਜੇਵਾਂ ਹੈ; ਉਥੇ ਅਗਿਆਨਤਾ ਨਹੀਂ ਹੈ—ਇਹ ਬੌਧਿਕ ਰਜੇਵਾਂ ਹੈ, ਉਥੇ ਦ੍ਵੈਤ ਨਹੀਂ ਹੈ ਸਗੋਂ ਸਾਰਾ ਬ੍ਰਹਿਮੰਡ ਇਕ ਇਕਾਈ ਦਿਸਦਾ ਹੈ—ਇਹ ਆਤਮਕ ਰਜੇਵਾਂ ਹੈ। ਸੁਭਾਅ ਦੀ ਅਮੀਰੀ ਨਾਮ ਪੈਦਾ ਕਰਦੀ ਹੈ, ਭਾਵੇਂ ਦੌਲਤ ਪਾਸ ਨਾ ਹੀ ਹੋਵੇ, ਵਿਚਾਰਾਂ ਦੀ ਅਮੀਰੀ, ਇਖ਼ਲਾਕ ਦੀ ਅਮੀਰੀ, ਸੁੰਦਰਤਾ ਦੀ ਅਮੀਰੀ, ਪਰਭਾਵ ਦੀ ਅਮੀਰੀ—ਸ਼ਖ਼ਸੀਅਤ ਦੀ ਅਮੀਰੀ। ਇਹ ਹੈ ਨਾਮ-ਸਿਮਰਨ ਦਾ ਫਲ ਤੇ ਇਹ ਹੈ ਨਾਮ ਵਾਲੇ ਮਨੁੱਖ ਦੀ ਪਛਾਣ। ਨਾਮ ਵਾਲਾ ਮਨ ਸੰਤੁਸ਼ਟ, ਤ੍ਰਿਪਤ ਤੇ ਅਮੀਰ ਹੁੰਦਾ ਹੈ; ਇਹ ਭਾਵ ਹੈ ਪਹਿਲੀਆਂ ਸਤਰਾਂ ਵਿਚ :—

ਨਉਨਿਧਿ ਤੇਰੈ ਸਗਲ ਨਿਧਾਨ ॥
ਇਛਾ ਪੂਰਕ ਰਖੈ ਨਿਦਾਨ ॥
ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥
ਤੂੰ ਮਨਿ ਵਸਿਆ ਲਗੈ ਨ ਦੂਖਾ ॥

ਦੁੱਖ ਤਾਂ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਅਤ੍ਰਿਪਤ ਤੇ ਅਸੰਤੁਸ਼ਟ ਹੋਵੇ, ਜਦੋਂ ਉਸ ਪਾਸ ਥੁੜ ਤੇ ਨਿਰਧਨਤਾ ਹੋਵੇ। ਨਾਮ ਮਨੁੱਖੀ ਮਨ ਨੂੰ ਅਮੀਰ ਕਰਦਾ ਹੈ—ਹਰ ਤਰ੍ਹਾਂ ਅਮੀਰ।

(੨) ਨਾਮ ਵਾਲੇ ਮਨ ਵਿਚ ਸ਼ਿਕਾਇਤ ਨਹੀਂ ਹੁੰਦੀ, ਉਹ ਹਾਲਾਤ ਅਨੁਸਾਰ ਆਪਣੇ ਤੋਲ ਨੂੰ ਕਾਇਮ ਕਰਦਾ ਹੈ। ਨਾਮ ਵਾਲਾ ਆਦਮੀ ਆਪਣੇ ਹਾਲਾਤ ਵਿਰੁੱਧ ਸ਼ਿਕਾਇਤ ਨਹੀਂ ਕਰਦਾ ਸਗੋਂ ਉਹਨਾਂ ਨਾਲ ਨਿਪਟਦਾ ਹੈ, ਆਪਣੇ ਹਾਲਾਤ ਨੂੰ ਨਜਿਠਦਾ ਹੈ ਅਤੇ ਸਦਾ ਉਹਨਾਂ ਹਾਲਾਤ ਪਿਛੇ ਕੋਈ ਉਸਾਰੂ ਮੰਤਵ ਸਮਝਦਾ ਹੈ। ਇਸ ਵਿਸ਼ਵਾਸ ਨਾਲ ਉਹ ਹਾਲਾਤ ਨੂੰ ਖਿੜੇ ਮੱਥੇ ਪਰਵਾਨ ਕਰਕੇ ਉਹਨਾਂ ਨੂੰ ਵੱਧ ਤੋਂ ਵੱਧ ਚੰਗੇ ਰੁਖ-ਸਿਰ ਲਿਆਉਂਦਾ ਹੈ। ਹਰ ਹਾਲਾਤ ਦਾ ਉਸਾਰੂ ਪੱਖ ਜ਼ਰੂਰ ਹੈ—'ਦੁਖ ਦਾਰੂ' ਹੈ। ਸੋ ਹਾਲਾਤ ਦੀ ਸ਼ਿਕਾਇਤ ਨਾ ਕਰਨਾ ਨਾਮ-ਆਚਰਨ ਦਾ ਭਾਗ ਹੈ।

ਜੋ ਤੂੰ ਕਰਹਿ ਸੋਈ ਪਰਵਾਣੁ ॥
ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ ॥

ਹਰ ਹਾਲਾਤ ਪਿੱਛੇ ਪਰਮਾਤਮਾ ਦਾ ਅਦਿੱਸ ਹੱਥ ਹੈ ਤੇ ਪਰਮਾਤਮਾ ਸਾਡਾ ਮਿੱਤਰ ਹੈ।

(੩) ਨਾਮ ਵਾਲੇ ਮਨ ਦਾ ਨਿਆਂ ਵਿਚੋਂ ਵਿਸ਼ਵਾਸ ਕਦੇ ਨਹੀਂ ਮੁੱਕਦਾ ਕਿਉਂਕਿ ਉਸ ਦਾ ਵਿਸ਼ਵਾਸ ਇਹ ਹੈ—'ਤੇਰੈ ਘਰਿ ਸਦਾ ਸਦਾ ਹੈ ਨਿਆਉ'। ਰੱਬੀ ਕਾਨੂੰਨ ਹੈ ਅਤੇ ਉਸ ਅਨੁਸਾਰ ਹਰ ਕਰਮ ਦਾ ਪ੍ਰਤਿਕਰਮ ਹੁੰਦਾ ਹੈ, ਅਨਿਆਂ ਕਦੇ ਨਹੀਂ ਹੁੰਦਾ। ਜਦੋਂ ਨਾਮ ਵਾਲੇ ਨੂੰ ਦੁੱਖ ਆਇਆ ਹੈ, ਉਹ ਵਿਚਾਰ ਕਰਦਾ ਹੈ ਕਿ ਇਹ ਉਸ ਦੇ ਕਿਸ ਕਰਮ ਦਾ ਫਲ ਹੋ ਸਕਦਾ ਹੈ। ਨਾਮ ਵਾਲਾ ਸਚਾਈ ਲਈ ਦੁੱਖ ਪ੍ਰਾਪਤੀ ਜ਼ਰੂਰੀ ਸਮਝਦਾ ਹੈ—ਸਚਾਈ ਲਈ ਕੀਮਤ ਦੇਣੀ ਪੈਂਦੀ ਹੈ ਅਤੇ ਉਹ ਕੀਮਤ ਦੁੱਖ, ਸ਼ਹਾਦਤ ਆਦਿ ਹੈ। ਨਾਮ ਵਾਲਾ ਮਨੁੱਖ ਸ਼ਹੀਦ ਹੈ। ਨਿਆਂ ਦਾ ਪਿਆਰ ਹੀ ਨਾਮ ਦਾ ਪਿਆਰ ਹੈ।

(੪) 'ਸਾਚੇ ਸਾਹਿਬ ਅਲਖ ਅਭੇਵ ॥ ਨਾਨਕ ਲਾਇਆ ਲਾਗਾ ਸੇਵ ॥' ਨਾਮ ਵਾਲਾ ਮਨੁੱਖ ਨਿਮਰਤਾ ਵਾਲਾ ਹੈ, ਉਹ ਸਦਾ ਸਮਝਣ ਦਾ ਯਤਨ ਕਰਦਾ ਹੈ, ਸੇਵਾ ਦਾ ਭਾਵ ਸਮਝਣਾ, ਜਾਨਣਾ ਹੈ। ਪਰ ਕਦੇ ਦਾਅਵਾ ਨਹੀਂ ਕਰਦਾ ਕਿ ਮੈਂ ਸਭ ਕਿਛ ਜਾਣ ਲਿਆ ਹੈ। ਸਾਰੀ ਅਸਲੀਅਤ ਦੀ ਸਾਰੀ ਸੂਝ ਕਿਸੇ ਨੂੰ ਆ ਸਕਣੀ ਕਠਨ ਹੈ ਪਰ ਸੂਝ (ਸੇਵ) ਲਈ ਯਤਨ ਹਰ ਇਕ ਨੇ ਕਰਨਾ ਹੈ। ਨਾਮ ਵਾਲਾ ਮਨੁੱਖ ਸਿੱਖਦਾ ਰਹਿੰਦਾ ਹੈ—ਉਹ ਸਿੱਖ ਹੈ, ਪਰ ਕਦੇ ਹੈਂਕੜ ਨਹੀਂ ਕਰਦਾ ਕਿ ਉਸ ਨੇ 'ਅਲਖ ਤੇ ਅਭੇਵ' ਦੇ ਭੇਦ ਨੂੰ ਜਾਣ ਲਿਆ ਹੈ। ਇਹ ਬੌਧਿਕ ਨਿਮਰਤਾ ਹੈ, ਇਹ ਇਖ਼ਲਾਕੀ ਨਿਮਰਤਾ ਹੈ। ਨਾਮ ਨਿਮਰਤਾ ਦਾ ਜੀਵਨ ਹੈ।

ਸੋ ਨਾਮ-ਸਿਮਰਨ ਮਨ ਦੀ ਅਮੀਰੀ ਤੇ ਸੰਤੁਸ਼ਟਤਾ ਪੈਦਾ ਕਰਦਾ ਹੈ, ਮਨ ਵਿਚ ਖ਼ੁਸ਼ੀ ਪੈਦਾ ਕਰਦਾ ਹੈ (ਦੁੱਖ ਨਹੀਂ), ਮਨ ਵਿਚ ਹਾਲਾਤ ਦੀ ਮਹਾਨਤਾ ਸਮਝਣ ਦੀ ਸੂਝ ਪੈਦਾ ਕਰਦਾ ਹੈ ਅਤੇ ਉਹਨਾਂ ਵਿਚੋਂ ਸ਼ਿਕਾਇਤ ਕਰਨ ਦੀ ਕਰੁਚੀ ਨੂੰ ਦੂਰ ਕਰਦਾ ਹੈ, ਨਿਆਂ ਲਈ ਸਤਿਕਾਰ ਪੈਦਾ ਕਰਦਾ ਹੈ ਅਤੇ ਨਿਮਰਤਾ ਪੈਦਾ ਕਰਦਾ ਹੈ। ਨਾਮ

ਸਿਮਰਨ ਇਸ ਪ੍ਰਕਾਰ ਦੀ ਸ਼ਖ਼ਸੀਅਤ ਉਤਪੰਨ ਕਰਨ ਦਾ ਯਤਨ ਹੈ।

---

ਆਸਾ ਮਹਲਾ ੫

੨.

ਨਿਕਟਿ ਜੀਅ ਕੈ ਸਦ ਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥ ੧ ॥
ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥
ਅਵਿਨਾਸੀ ਅਵਿਗਤੁ ਅਗੋਚਰੁ
ਸਦਾ ਸਲਾਮਤਿ ਖਸਮੁ ਹਮਾਰਾ ॥ ੧ ॥ ਰਹਾਉ ॥
ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥
ਜਿਸ ਕੀ ਮੀਰਾ ਰਾਖੈ ਆਣਿ ॥ ੨ ॥
ਜੋ ਲਉਡਾ ਪ੍ਰਭਿ ਕੀਆ ਅਜਾਤਿ ॥
ਤਿਸੁ ਲਉਡੇ ਕਉ ਕਿਸ ਕੀ ਤਾਤਿ ॥ ੩ ॥
ਵੇ ਮੁਹਤਾਜਾ ਵੇ ਪਰਵਾਹੁ ॥
ਨਾਨਕ ਦਾਸ ਕਹਹੁ ਗੁਰ ਵਾਹੁ ॥ ੪ ॥ ੨੧ ॥

ਨਾਮ ਮਨੁੱਖ ਨੂੰ ਗਿਆਨੀ ਬਣਾਉਂਦਾ ਹੈ ਕਿਉਂਕਿ ਨਾਮ ਗੁਰੂ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਅਸਲੀਅਤ ਜਾਂ ਤੱਤ ਵਸਤੂ ਦੇ ਗਿਆਨ ਦਾ ਸੂਚਕ ਹੈ। "ਨਾਨਕ ਦਾਸ ਕਹਹੁ ਗੁਰ ਵਾਹੁ ॥" ਇਸ ਲਈ ਗੁਰੂ ਕਮਾਲ ਹੈ। ਸਾਰ ਵਸਤੂ ਜਾਂ ਪ੍ਰਭੂ ਦੀ ਹਸਤੀ ਦਾ ਗਿਆਨ ਮਨੁੱਖੀ ਸ਼ਖ਼ਸੀਅਤ ਵਿਚ ਕਮਾਲ ਤਬਦੀਲੀ ਪੈਦਾ ਕਰਦਾ ਹੈ। ਤਬਦੀਲੀ ਇਹ ਹੁੰਦੀ ਹੈ ਕਿ ਨਾਮ ਵਾਲਾ ਗਿਆਨੀ ਮਨੁੱਖ ਵੇਮੁਹਤਾਜ ਤੇ ਵੇਪਰਵਾਹ ਹੋ ਕੇ ਸੰਸਾਰ ਵਿਚ ਵਿਚਰਦਾ ਹੈ— 'ਵੇਮੁਹਤਾਜਾ ਵੇਪਰਵਾਹੁ ॥' ਗਿਆਨੀ ਮਨੁੱਖ ਦੀ ਮਾਨਸਕ ਅਵਸਥਾ ਇਹ ਹੁੰਦੀ ਹੈ ਕਿ 'ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ ॥" ਨਾਮ ਹੀ ਮਨੁੱਖ ਨੂੰ ਇਸ ਅਵਸਥਾ ਤੀਕ ਲੈ ਜਾਂਦਾ ਹੈ। ਇਹ ਮਾਨਸਕ ਪੱਧਰ ਮਨੁੱਖੀ ਆਚਰਨ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਹ ਆਤਮਕ ਅਵਸਥਾ ਮਨੁੱਖੀ ਗਿਆਨ ਅਤੇ ਅਮਲ ਤੇ ਆਧਾਰਤ ਹੁੰਦੀ ਹੈ। ਤਾਂ ਤੇ ਨਾਮ ਆਚਰਨ ਪੈਦਾ ਕਰਦਾ ਹੈ। ਇਸ ਸ਼ਬਦ ਅਨੁਸਾਰ ਉਸ ਆਚਰਨ ਦੇ ਇਹ ਅੰਗ ਹਨ ਜਾਂ ਉਸ ਪੱਧਰ ਦੀ ਪ੍ਰਾਪਤੀ ਵਿਚ ਇਹ ਵਿਸ਼ਵਾਸ ਸਹਾਇਕ ਹਨ ਜੋ ਨਾਮ ਸਿਮਰਨ ਰਾਹੀਂ ਹੀ ਪੈਦਾ ਹੁੰਦੇ ਹਨ।

(੧) ਪਰਮਾਤਮਾ ਮਨੁੱਖ ਦੇ ਨੇੜੇ ਤੋਂ ਨੇੜੇ ਹੈ ਅਤੇ ਸਦਾ ਨਾਲ ਰਹਿੰਦਾ ਹੈ, ਉਹ ਸਰਬ-ਵਿਆਪਕ ਹੈ ਅਤੇ ਕੁਦਰਤ ਦੇ ਹਰ ਰੂਪ ਤੇ ਰੰਗ ਵਿਚ ਮੌਜੂਦ ਹੈ। ਇਸ ਲਈ ਕਿਸੇ ਮਨੁੱਖ ਨੂੰ ਕਿਸੇ ਸਮੇਂ ਦਿਲ ਛੱਡਣਾ ਨਹੀਂ ਚਾਹੀਦਾ ਅਤੇ ਭੈ ਜਾਂ ਲਾਲਚ ਵਿਚ ਕਿਸੇ ਹੋਰ ਅੱਗੇ ਝੁਕਣ ਦੀ ਲੋੜ ਨਹੀਂ ਹੈ। ਮਨੁੱਖ ਨੂੰ ਗ਼ੈਰਤ ਤੇ ਸ੍ਵੈ-ਸਤਿਕਾਰ ਵਾਲਾ ਬਣਨਾ ਚਾਹੀਦਾ ਹੈ। ਇਸੇ ਵਿਚੋਂ ਹੀ ਆਚਰਨ ਦੀ ਉਪਜ ਹੁੰਦੀ ਹੈ।

ਨਿਕਟਿ ਜੀਅ ਕੈ ਸਦ ਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥

(੨) ਨਾਮ ਵਾਲਾ ਮਨੁੱਖ ਕੇਵਲ 'ਇਕ' ਦਾ ਹੋ ਕੇ ਰਹਿੰਦਾ ਹੈ ਅਤੇ ਉਹ 'ਇਕ' ਐਸਾ ਹੈ ਜੋ 'ਅਵਿਨਾਸੀ ਅਵਿਗਤ' ਹੈ ਭਾਵੇਂ 'ਅਗੋਚਰ' ਹੈ। ਨਾਮ ਵਾਲਾ ਆਦਮੀ, ਹਾਲਾਤ ਭਾਵੇਂ ਕੀ ਹੋਣ, ਚਿੰਤਾ ਝੋਰੇ ਵਿਚ ਨਹੀਂ ਪੈਂਦਾ, ਉਹ ਰੋਂਦਾ ਪਿਟਦਾ ਨਹੀਂ ਹੈ। ਉਹ ਹੌਸਲਾ ਨਹੀਂ ਛੱਡ ਸਕਦਾ। ਉਹ ਜਾਣਦਾ ਹੈ ਕਿ ਪਰਮਾਤਮਾ ਨੇ ਮੈਨੂੰ ਕਿਸੇ ਡਿਊਟੀ ਤੇ ਲਗਾਇਆ ਹੈ। ਮੈਂ ਕੰਮ ਕਰਨਾ ਹੈ, ਹਾਲਾਤ ਭਾਵੇਂ ਕੀ ਪਏ ਹੋਣ, ਅਗੋਂ ਮਾਲਕ (ਖਸਮੁ) ਨੇ ਵੇਖਣਾ ਹੈ। ਭਾਵ, ਨਾਮ ਵਾਲਾ ਮਨ ਅਡੋਲ ਰਹਿੰਦਾ ਹੈ, ਚਿੰਤਾ ਨਹੀਂ ਕਰਦਾ, ਤੇ ਆਪਣਾ ਫ਼ਰਜ਼ ਪੂਰਾ ਕਰੀ ਜਾਂਦਾ ਹੈ।

ਕਰੈ ਨ ਝੁਰੈ ਨਾ ਮਨੁ ਰੋਵਨਹਾਰਾ ॥
ਅਵਿਨਾਸੀ ਅਵਿਗਤੁ ਅਗੋਚਰੁ
ਸਦਾ ਸਲਾਮਤਿ ਖਸਮੁ ਹਮਾਰਾ ॥

(੩) ਤੇਰੇ ਦਾਸਰੇ ਕਉ ਕਿਸ ਕੀ ਕਾਣਿ ॥
ਜਿਸ ਕੀ ਮੀਰਾ ਰਾਖੈ ਆਣਿ ॥

ਨਾਮ ਵਾਲਾ ਨਿਸ਼ਕਾਮ ਹੋ ਕੇ ਆਪਣਾ ਫ਼ਰਜ਼ ਪੂਰਾ ਕਰਦਾ ਹੈ, ਉਹ ਲੋਕਾਂ ਦੀ ਰਾਇ ਦੀ ਪਰਵਾਹ ਨਹੀਂ ਕਰਦਾ, ਕੇਵਲ ਸਚਾਈ (ਆਪਣੇ ਖਸਮ, ਪ੍ਰਭੂ) ਦੀ ਪਰਵਾਹ ਕਰਦਾ ਹੈ। ਸੱਚ ਤੇ ਫ਼ਰਜ਼ ਦੀ ਕਚਹਿਰੀ ਵਿਚ ਸੁਰਖਰੂ ਹੋਣਾ ਉਸ ਦਾ ਮੰਤਵ ਹੈ, ਲੋਕ-ਰਾਏ ਵਿਚ ਸੁਰਖਰੂ ਹੋਣਾ ਉਸ ਦਾ ਆਦਰਸ਼ ਨਹੀਂ ਹੈ। ਪਰ ਜੋ ਸਚਾਈ ਤੇ ਹੈ, ਉਸ ਦੀ ਪਤ ਆਪਣੇ ਆਪ ਰਹਿ ਆਉਂਦੀ ਹੈ, ਵਾਹਿਗੁਰੂ ਉਸ ਦਾ ਸਹਾਇਕ ਹੁੰਦਾ ਹੈ। ਨਾਮ ਵਾਲੇ ਲਈ ਲੋਕ-ਰਾਏ ਇਨੀ ਵੱਡੀ ਗੱਲ ਨਹੀਂ ਹੈ ਜਿਨਾ ਆਪਣਾ ਫ਼ਰਜ਼ ਪੂਰਾ ਕਰਨਾ ਹੈ।

(੪) ਜੋ ਲਉਡਾ ਪ੍ਰਭਿ ਕੀਆ ਅਜਾਤਿ ॥
ਤਿਸੁ ਲਉਡੇ ਕਉ ਕਿਸ ਕੀ ਤਾਤਿ ॥

ਨਾਮ ਵਾਲਾ ਆਦਮੀ (ਲਉਡਾ) ਆਪਣੇ ਕਰਮ ਕਰਕੇ ਉੱਚਾ ਉਠਦਾ ਹੈ; ਉਹ ਜਨਮ ਕਰਕੇ ਉੱਚਾ ਨਹੀਂ ਹੁੰਦਾ, ਨਾਮ ਵਾਲਾ ਨਾਮ ਆਚਰਨ ਕਰਕੇ ਉੱਚਾ ਹੁੰਦਾ ਹੈ। ਨਾਮ ਵਾਲਾ ਮਨੁੱਖ ਇਸ ਲਈ ਆਤਮ ਨਿਰਭਰ ਹੁੰਦਾ ਹੈ ਕਿ ਉਸ ਨੂੰ ਵਿਸ਼ਵਾਸ ਹੈ ਕਿ ਉਹ ਪਰਮਾਤਮਾ ਵਲੋਂ ਵਿਸ਼ੇਸ਼ ਕੰਮ ਤੇ ਲਗਾਇਆ ਗਿਆ ਹੈ ਉਹ ਹਰ ਕਿਸੇ ਦਾ ਮੁਥਾਜ ਨਹੀਂ ਹੈ, ਉਹ ਪਰਮਾਤਮਾ ਨੂੰ ਜਵਾਬ ਦੇਹ ਹੈ। ਦਾਸ ਅਜਾਤਿ ਹੁੰਦਾ ਹੈ।

ਸੋ ਨਾਮ-ਸਿਮਰਨ ਦਾ ਜ਼ਰੂਰੀ ਫਲ ਆਤਮ ਨਿਰਭਰ ਹੋਣਾ ਹੈ ਅਤੇ ਵੇਪਰਵਾਹ ਤੇ ਵੇਮੁਹਤਾਜ ਹੋਣਾ ਹੈ। ਗੈਰਤ ਨਾਮ ਵਾਲੇ ਮਨੁੱਖ ਦਾ ਸੁਭਾਅ ਹੁੰਦਾ ਹੈ, ਉਹ ਗੈਰਤ ਵਾਲਾ ਜੀਵਨ ਬਤੀਤ ਕਰਦਾ ਹੈ ਅਤੇ ਕਿਸੇ ਦੇ ਸਾਹਮਣੇ ਹੱਥ ਨਹੀਂ ਅੱਡਦਾ, ਕਿਸੇ ਤੋਂ ਭੈ ਨਹੀਂ ਖਾਂਦਾ। ਨਾਮ ਵਾਲਾ ਮਨੁੱਖ ਪ੍ਰਭੂ ਦਾ ਸੇਵਕ ਹੈ, ਉਹ ਆਪਣਾ ਫ਼ਰਜ਼ ਪ੍ਰਭੂ ਦਾ ਕੰਮ ਜਾਣ ਕੇ ਕਰਦਾ ਹੈ; ਉਹ ਸਦਾ ਸੱਚ ਤੇ ਦ੍ਰਿੜ੍ਹ ਰਹਿੰਦਾ ਹੈ ਅਤੇ ਸਚਾਈ ਦੇ

ਬਦਲੇ ਉਹ ਲੋਕ-ਰਾਏ ਨਹੀਂ ਖਰੀਦਦਾ। ਕੇਵਲ ਖ਼ੂਬੀਆਂ ਵਾਲੇ ਮਨੁੱਖ ਵਿਚ ਹੀ ਗ਼ੈਰਤ ਤੇ ਆਤਮ-ਭਰੋਸਾ ਹੁੰਦਾ ਹੈ; ਇਸ ਲਈ ਨਾਮ ਮਨੁੱਖ ਵਿਚ ਖ਼ੂਬੀਆਂ ਪੈਦਾ ਕਰਦਾ ਹੈ।

———

ਆਸਾ ਮਹਲਾ ੫

੩.

ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥
ਘਰ ਮਹਿ ਵਸਤੁ ਬਾਹਰਿ ਉਠਿ ਜਾਤਾ ॥ ੧ ॥
ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥
ਰਾਰਿ ਕਰਤ ਝੂਠੀ ਲਗਿ ਗਾਥਾ ॥ ੧ ॥ ਰਹਾਉ ॥
ਵਜਹੁ ਸਾਹਿਬ ਕਾ ਸੇਵ ਬਿਰਾਨੀ ॥
ਐਸੇ ਗੁਨਹ ਅਛਾਦਿਓ ਪ੍ਰਾਨੀ ॥ ੨ ॥
ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥
ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥ ੩ ॥
ਕਹੁ ਨਾਨਕ ਪ੍ਰਭ ਦੀਨ ਦਇਆਲਾ ॥
ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥ ੪ ॥ ੨੨ ॥

ਪ੍ਰਤਿਪਾਲਣਾ ਦੀ ਦਾਤ ਮੰਗੀ ਹੈ। ਨਾਮ ਨੇ ਜੀਵ ਦੀ ਪ੍ਰਤਿਪਾਲਣਾ ਕਰਨੀ ਹੈ। ਇਸ ਪਦੇ ਵਿਚ ਪ੍ਰਤਿਪਾਲਣਾ ਦਾ ਸਰੂਪ ਇਹ ਹੈ :—

(੧) ਨਾਮ ਨੇ ਜੀਵ ਨੂੰ ਸੱਚ ਤੇ ਕੱਚ, ਠੀਕ ਤੇ ਗਲਤ, ਪੁੰਨ ਤੇ ਪਾਪ ਦਾ ਨਿਰਣਾ ਕਰਨ ਦੀ ਜਾਚ ਸਿਖਾਉਣੀ ਹੈ। 'ਹਰਿ ਰਸੁ' ਹੀ ਉੱਚਾ ਰਸ ਹੈ। ਉੱਚੇ ਦਾ ਭਾਵ ਸੱਚ ਦਾ ਮਾਰਗ, ਠੀਕ ਮਾਰਗ ਜਾਂ ਪੁੰਨ ਮਾਰਗ ਹੈ। ਹੇ ਵਾਹਿਗੁਰੂ! ਮੇਰੀ ਇਹ ਪ੍ਰਤਿਪਾਲਣਾ ਕਰ ਕਿ ਮੈਨੂੰ ਉੱਤਮ ਗੱਲਾਂ ਵਿਚ ਰਸ ਆਵੇ ਤੇ ਫੋਕੀਆਂ ਫਿੱਕੀਆਂ ਚੀਜ਼ਾਂ ਦੇ ਰਸ ਵਿਚ ਮੈਂ ਨਾ ਲੱਗਾਂ। ਪਰ ਆਮ ਮਨੁੱਖ 'ਹਰਿ ਰਸੁ' ਛੱਡ ਕੇ 'ਹੋਛੈ ਰਸਿ' ਵਿਚ ਲੱਗਾ ਪਿਆ ਹੈ। ਸੋ ਪਰਮਾਤਮਾ ਜਾਂ ਨਾਮ ਮਨੁੱਖ ਵਿਚ ਹੋਛੇ ਤੇ ਉੱਚ ਰਸਾਂ ਦਾ ਨਿਰਣਾ ਕਰਨ ਦੀ ਸਮਰੱਥਾ ਪੈਦਾ ਕਰਦਾ ਹੈ। ਹੋਛ ਰਸ ਮਾਇਆ ਤੇ ਕਾਮਾਦਿਕ ਦੇ ਰਸ ਹਨ, ਉੱਚਾ ਰਸ ਨੇਕੀ, ਪਵਿੱਤਰਤਾ, ਪੁੰਨ ਦਾ ਰਸ ਹੈ।

'ਹਰਿ ਰਸੁ ਛੋਡਿ ਹੋਛੈ ਰਸਿ ਮਾਤਾ ॥'

(੨) 'ਘਰ ਮਹਿ ਵਸਤੁ ਬਾਹਰ ਉਠਿ ਜਾਤਾ' ਨਾਮ ਨੇ ਮਨੁੱਖ ਨੂੰ ਆਤਮ-ਪਛਾਣ ਦੇਣੀ ਹੈ। ਨਾਮ ਸਿਮਰਨ ਨਾਲ ਹੀ ਸੂਝ ਪੈਦਾ ਹੁੰਦੀ ਹੈ ਕਿ ਮਨੁੱਖ ਜੋਤਿ-ਸਰੂਪ ਹੈ ਤੇ ਵਾਹਿਗੁਰੂ ਦੀ ਅੰਸ਼ ਹੈ। ਤਾਂ ਤੇ ਉਸ ਨੂੰ ਝੂਠ, ਪਾਪ, ਕੁਕਰਮ. ਕਾਮਾਦਿਕ ਸੋਭਦੇ ਹੀ ਨਹੀਂ—ਉਹ ਇਨਾ ਵੱਡਾ ਤੇ ਉੱਤਮ ਹੈ। ਹਰੀ ਦੀ ਅੰਸ਼ ਹੈ। ਪਰ ਮਨੁੱਖ ਨੂੰ ਆਤਮ-ਸੋਝੀ ਨਹੀਂ ਹੈ। ਉਹ ਰਸ ਲਈ ਬਾਹਰ ਭਟਕ ਰਿਹਾ ਹੈ। ਨਾਮ ਮਨੁੱਖ ਨੂੰ ਆਪਣੀ

ਮਹਾਨਤਾ ਦੀ ਸੋਝੀ ਕਰਾਂਦਾ ਹੈ। ਸੋ ਨਾਮ ਆਤਮ-ਸੋਝੀ ਹੈ।

(੩) ਨਾਮ ਮਨੁੱਖੀ ਬਿਰਤੀ ਵਿਚ ਇਹ ਬਿਬੇਕ ਪੈਦਾ ਕਰਦਾ ਹੈ ਕਿ ਉਹ ਕਹਾਣੀਆਂ ਦੀ ਸਚਾਈ ਬਾਰੇ ਝਗੜਨ ਨੂੰ ਛੱਡ ਕੇ ਸਿੱਧਾ ਬਾਣੀ ਦੀ ਵਿਚਾਰ ਵਿਚ ਲਗਦਾ ਹੈ, ਜਿਸ ਵਿਚ ਪ੍ਰਭੂ ਸਰੂਪ ਦਾ ਬਿਆਨ ਹੈ ਜੋ 'ਅੰਮ੍ਰਿਤ ਕਾਥਾ' ਹੈ। ਸੋ ਨਾਮ ਮਨੁੱਖ ਵਿਚ ਬਿਬੇਕ ਪੈਦਾ ਕਰਦਾ ਹੈ। ਨਿਮਰਤਾ ਉਪਜਾਂਦਾ ਹੈ ਅਤੇ ਉਹ ਦੂਜਿਆਂ ਨਾਲ ਚਰਚਾ ਤੇ ਬਹਿਸਾਂ ਨਹੀਂ ਕਰਦਾ ਫਿਰਦਾ। ਨਾਮ ਸਚਾਈ ਦੀ ਪਛਾਣ ਹੈ ਤੇ ਆਪਣੇ ਰਸ ਵਿਚ ਮਸਤ ਰਹਿਣਾ ਹੈ।

ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ ॥
ਰਾਰਿ ਕਰਤ ਝੂਠੀ ਲਗਿ ਗਾਥਾ ॥

ਰਾਰਿ = ਝਗੜਾ ਕਰਨਾ। ਗਾਥਾ = ਪੁਰਾਣਕ ਕਹਾਣੀਆਂ ਆਦਿ।

(੪) ਵਜਹੁ ਸਾਹਿਬ ਕਾ ਸੇਵ ਬਿਰਾਨੀ ॥
ਐਸੇ ਗੁਨਹ ਅਛਾਦਿਓ ਪ੍ਰਾਨੀ ॥

ਨਾਮ ਨੇ ਮਨੁੱਖ ਨੂੰ ਨਿਮਕ ਹਲਾਲ ਬਨਾਉਣਾ ਹੈ। ਨਮਕ ਹਲਾਲ ਇਹ ਹੈ ਕਿ ਜਿਸ ਦਾ ਦਿੱਤਾ ਖਾਣਾ ਹੈ, ਉਸ ਦੀ ਹੀ ਸੇਵਾ ਕਰਨੀ ਹੈ। ਵਾਹਿਗੁਰੂ ਦਾ ਦਿੱਤਾ ਖਾਣਾ ਹੈ ਤੇ ਵਾਹਿਗੁਰੂ ਦੀ ਹੀ ਸੇਵਾ ਕਰਨੀ ਹੈ ਭਾਵ ਆਪਣਾ ਹਰ ਕਰਤੱਵ ਵਾਹਿਗੁਰੂ ਮਾਲਕ ਨੂੰ ਹਾਜ਼ਰ ਸਮਝ ਕੇ ਕਰਨਾ ਹੈ। ਆਪਣੇ ਹਰ ਮਾਲਕ ਦਾ ਨਮਕ ਹਲਾਲ ਰਹਿਣਾ ਹੈ। ਸੋ ਨਾਮ ਨਮਕ ਹਲਾਲੀ ਬਣਾਉਂਦਾ ਹੈ।

ਵਜਹੁ = ਤਨਖਾਹ; ਸੇਵ ਬਿਰਾਨੀ = ਸੇਵਾ ਬਿਗਾਨੀ, ਹੋਰਾਂ ਦੀ; ਗੁਨਹ = ਗੁਨਾਹ, ਪਾਪ; ਅਛਾਦਿਓ = ਛਕਿਆ ਹੋਇਆ, ਭਰਿਆ ਹੋਇਆ।

(੫) ਤਿਸੁ ਸਿਉ ਲੂਕ ਜੋ ਸਦ ਹੀ ਸੰਗੀ ॥
ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥

ਨਾਮ ਦੇ ਜੀਵਨ ਨੇ ਮਨੁੱਖ ਨੂੰ ਇਸ ਪੱਧਰ ਤੀਕ ਲੈ ਜਾਣਾ ਹੈ ਕਿ ਉਸ ਨੂੰ ਆਪਣੇ ਕਿਸੇ ਕਰਤੱਵ ਨੂੰ ਕਿਸੇ ਪਾਸੋਂ ਲੁਕਾਉਣ ਦੀ ਲੋੜ ਨਾ ਪਵੇ। ਇਹ ਨਿਰਭੈਤਾ ਤੇ ਜੁਰਅਤ ਤਦੇ ਹੀ ਆ ਸਕਦੀ ਹੈ ਜੇ ਮਨ-ਬਚਨ ਤੇ ਕਰਮ ਪੂਰੇ ਪਵਿੱਤਰ, ਸੱਚ ਤੇ ਨਿਆਂ ਦੇ ਆਧਾਰਤ ਹੋਣ। ਨਾਮ ਨੇ ਮਨੁੱਖ ਨੂੰ ਮਾਇਆ ਦੇ ਲਾਲਚ ਤੋਂ ਉਚੇਰਾ ਕਰਨਾ ਹੈ :

'ਕਾਮਿ ਨ ਆਵੈ ਸੋ ਫਿਰਿ ਫਿਰਿ ਮੰਗੀ ॥'

ਨਾਮ ਨੇ ਮਨੁੱਖ ਵਿਚ ਇਹ ਸੂਝ ਪੈਦਾ ਕਰਨੀ ਹੈ ਕਿ ਮਾਇਆ ਦੀ ਪ੍ਰਾਪਤੀ ਹੀ ਉੱਤਮ ਪ੍ਰਾਪਤੀ ਨਹੀਂ ਹੈ, ਤਿਆਗ ਪ੍ਰਾਪਤੀ ਤੋਂ ਵੀ ਉੱਤਮ ਹੈ। ਮਾਇਆ ਦੀ ਖ਼ਾਤਰ ਐਸੇ ਪਾਪ ਨਹੀਂ ਕਰ ਲੈਣੇ ਚਾਹੀਦੇ ਜਿਨ੍ਹਾਂ ਨੂੰ ਲੁਕਾਉਣ ਦੀ ਲੋੜ ਪਵੇ। ਸੋ ਮਨੁੱਖ ਦਾ ਹਰ ਕਰਤੱਵ ਇਤਨਾ ਪਵਿੱਤਰ ਹੋ ਜਾਣਾ ਕਿ ਉਸ ਨੂੰ ਕਿਸੇ ਲੁਕਾਅ ਦੀ ਲੋੜ ਨਾ ਹੋਵੇ, ਹੀ ਨਾਮ ਦਾ ਜੀਵਨ ਹੈ ਤੇ ਨਾਮ-ਸਿਮਰਨ ਦਾ ਫਲ-ਰੂਪ।

(੬) ਕਹੁ ਨਾਨਕ ਪ੍ਰਭ ਦੀਨ ਦਇਆਲਾ ॥
ਜਿਉ ਭਾਵੈ ਤਿਉ ਕਰਿ ਪ੍ਰਤਿਪਾਲਾ ॥

ਹੇ ਮੇਰੇ ਵਾਹਿਗੁਰੂ ! ਮੇਰੀ ਇਹ ਪ੍ਰਤਿਪਾਲਣਾ ਕਰ ਕਿ—

(੧) ਮੈਨੂੰ ਉੱਤਮ ਜੀਵਨ ਪੱਧਰ ਦਾ ਰਸ ਆਵੇ ।

(੨) ਮੈਨੂੰ ਆਤਮ ਸੂਝ ਆਵੇ ਤੇ ਉਹ ਕਰਤੱਵ ਕਰਾਂ ਜੋ ਮੈਨੂੰ ਸ਼ੋਭਾ ਦੇਣ ।

(੩) ਮੈਂ ਸੱਚ-ਅਸਲੀਅਤ ਦੇ ਵਿਚਾਰ ਵਿਚ ਲੱਗਾਂ ਅਤੇ ਫੋਕੀ ਚਰਚਾ ਵਿਚ ਨਾ ਰਹਾਂ, ਮੈਂ ਨਿਮਕ ਹਲਾਲ ਹੋਵਾਂ, ਤੇਰਾ ਵੀ ਅਤੇ ਜਿਸ ਸੰਸਥਾ ਵਿਚ ਕੰਮ ਕਰਾਂ, ਉਸ ਦਾ ਵੀ ।

(੪) ਮੈਨੂੰ ਆਪਣੇ ਕਿਸੇ ਕਰਤੱਵ ਨੂੰ ਛੁਪਾਉਣ ਦੀ ਲੋੜ ਨਾ ਹੋਵੇ—ਮੇਰਾ ਕਰਤੱਵ ਇਤਨਾ ਨਿਰਮਲ ਹੋਵੇ । ਇਹ ਹੀ ਮੇਰੀ ਪ੍ਰਤਿਪਾਲਣਾ ਹੈ—ਸ਼ਖ਼ਸੀਅਤ ਦੀ ਪ੍ਰਤਿਪਾਲਣਾ ।

ਨਾਮ ਸਿਮਰਨ ਨਾਲ ਸ਼ਖ਼ਸੀਅਤ ਜਾਂ ਆਚਰਨ ਦਾ ਇਹ ਪੰਜ-ਪੱਖਾ ਪੱਧਰ ਪ੍ਰਾਪਤ ਹੁੰਦਾ ਹੈ । ਇਹ ਪੱਧਰ ਹੀ ਨਾਮ ਦਾ ਫਲ ਹੈ । ਇਹ ਪੱਧਰ ਨਾਮ ਹੀ ਹੈ । ਜਾਂ ਆਪਣੇ ਆਪ ਵਿਚ ਇਹ ਸਦਾਚਾਰਕ ਪੱਧਰ ਪੈਦਾ ਕਰਨ ਦਾ ਯਤਨ ਨਾਮ ਸਿਮਰਨਾ ਹੈ । ਇਸ ਮਿਆਰ ਤੀਕ ਜਿਊਣ ਦਾ ਯਤਨ ਨਾਮ ਸਿਮਰਨਾ ਹੈ।

---

ਆਸਾ ਮਹਲਾ ੫

੪.

ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ॥
ਈਹਾ ਊਹਾਂ ਉਨ ਸੰਗਿ ਕਾਮੁ ॥ ੧ ॥
ਬਿਨੁ ਹਰਿਨਾਮ ਅਵਰੁ ਸਭੁ ਥੋਰਾ ॥
ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥੧॥ਰਹਾਉ॥
ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥ ੨ ॥
ਚਰਣ ਕਮਲ ਸਿਉ ਲਾਗੋ ਮਾਨੁ ॥
ਸਤਿਗੁਰਿ ਤੂਠੈ ਕੀਨੋ ਦਾਨੁ ॥ ੩ ॥
ਨਾਨਕ ਕਉ ਗੁਰ ਦੀਖਿਆ ਦੀਨ੍ਹ ॥
ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ਹ ॥ ੪ ॥ ੨੩ ॥

ਨਾਮ ਦੀ ਦਾਤ ਮੰਗੀ ਹੈ ਪਰ ਨਾਮ ਇਹ ਮੰਨਿਆ ਹੈ ਕਿ 'ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ਹ' । ਭਾਵ ਜਦੋਂ ਮਨੁੱਖ ਨੂੰ ਇਹ ਸੂਝ ਤੇ ਵਿਸ਼ਵਾਸ ਹੋ ਜਾਏ ਕਿ ਪ੍ਰਭੂ ਹਰ ਹਿਰਦੇ ਵਿਚ ਵਸਦਾ ਹੈ ਤੇ ਸਾਰੇ ਜੀਵ ਉਸ ਦਾ ਹੀ ਸਰੂਪ ਹਨ, ਤਾਂ ਜੋ ਮਨੁੱਖੀ ਆਚਰਨ ਤੇ ਵਤੀਰਾ ਬਣਦਾ ਹੈ, ਉਹ ਹੀ ਨਾਮ ਦੀ ਅਵਸਥਾ ਹੈ ਜਾਂ ਨਾਮ ਸਿਮਰਨ ਦਾ ਫਲ

ਹੈ। ਨਾਮ ਸਿਮਰਨ ਨਾਲ ਹੀ ਪ੍ਰਭੂ ਸਰਬ-ਵਿਆਪੀ ਦਿਸਦਾ ਹੈ। ਤੇ ਜਦੋਂ ਪ੍ਰਭੂ ਹਰ ਮਨੁੱਖ ਵਿਚ ਵਸਦਾ ਹੋਣ ਦਾ ਵਿਸ਼ਵਾਸ ਬਣ ਜਾਏ ਤਾਂ ਮਨੁੱਖ ਦਾ ਆਪਣੇ ਸਾਥੀ ਮਨੁੱਖਾਂ ਨਾਲ ਵਤੀਰਾ ਬੜਾ ਮਿੱਠਾ, ਕੋਮਲ ਤੇ ਨਿਰਕਪਟ ਹੋ ਜਾਂਦਾ ਹੈ। ਇਹ ਵਤੀਰਾ ਹੀ ਨਾਮ ਦਾ ਜੀਣਾ ਹੈ। ਮਨੁੱਖ ਮਨੁੱਖ ਦਾ ਸਤਿਕਾਰ ਕਰਦਾ ਹੈ, ਪ੍ਰਾਣੀ-ਮਾਤਰ ਦੀ ਸੇਵਾ ਕਰਦਾ ਹੈ—ਇਹ ਹੀ ਪ੍ਰਭੂ ਦੀ ਪੂਜਾ ਹੈ, ਇਹ ਨਾਮ ਜਿਊਣਾ ਹੈ। ਗੁਰੂ ਦੀ ਸਿਖਿਆ ਦਾ ਸਾਰ ਇਹ ਹੈ ਕਿ

'ਨਾਨਕ ਕਉ ਗੁਰਿ ਦੀਖਿਆ ਦੀਨ੍ਹ ॥
ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ਹ ॥'

ਬਾਕੀ ਸਾਰੀਆਂ ਸਤਰਾ ਵਿਚ ਇਸ ਸੋਝੀ ਤੇ ਅਮਲ ਦੀ ਉਪਮਾ ਕੀਤੀ ਹੈ।

(੧) ਜੇ ਇਸ ਤਰ੍ਹਾਂ ਦਾ ਨਾਮ—ਭਾਵ ਹਰ ਹਿਰਦੇ ਵਿਚ ਪ੍ਰਭੂ ਨਿਵਾਸ ਦਾ ਵਿਸ਼ਵਾਸ - ਪ੍ਰਾਪਤ ਹੋ ਜਾਏ, ਤਦ ਹੀ ਅਸਲ ਜ਼ਿੰਦਗੀ ਤੇ ਦੌਲਤ ਪ੍ਰਾਪਤ ਹੁੰਦੇ ਹਨ। ਇਹ ਸਰਬ-ਵਿਆਪਕਤਾ ਦਾ ਵਿਸ਼ਵਾਸ ਹੀ ਜ਼ਿੰਦਗੀ ਤੇ ਦੌਲਤ ਹੈ। ਇਸ ਵਿਸ਼ਵਾਸ ਅਧੀਨ ਜੋ ਆਚਰਨ ਪ੍ਰਾਪਤ ਹੁੰਦਾ ਹੈ, ਉਹ ਜ਼ਿੰਦਗੀ ਅਤੇ ਦੌਲਤ ਹੈ। 'ਜੀਅ ਪ੍ਰਾਨ ਧਨੁ ਹਰਿ ਕੋ ਨਾਮੁ' ਇਹ ਐਸੀ ਦੌਲਤ ਹੈ ਜੋ ਸਦਾ ਹਰ ਥਾਂ ਇਥੇ ਉਥੇ ਕੰਮ ਆ ਸਕਦੀ ਹੈ। ਨਾਮ-ਆਚਰਨ ਦੀ ਕਦਰ ਸਦਾ ਰਹਿੰਦੀ ਹੈ।

(੨) 'ਬਿਨੁ ਹਰਿ ਨਾਮ ਅਵਰੁ ਸਭੁ ਥੋਰਾ ॥
ਤ੍ਰਿਪਤਿ ਅਘਾਵੈ ਹਰਿ ਦਰਸਨਿ ਮਨੁ ਮੋਰਾ ॥'

ਕੋਈ ਹੋਰ ਚੀਜ਼—ਦੌਲਤ, ਪਦਵੀ, ਵਿਦਿਆ, ਇੱਜ਼ਤ—ਇਤਨੀ ਮਹਾਨਤਾ ਵਾਲੀ ਨਹੀਂ ਹੈ ਜਿਨਾ ਨਾਮ-ਆਚਰਨ ਹੈ, ਜਿਸ ਆਚਰਨ ਦਾ ਧੁਰਾ ਇਹ ਹੈ ਕਿ ਪ੍ਰਭੂ ਸਰਬ-ਵਿਆਪੀ ਹੈ। ਪ੍ਰਭੂ ਦੇ ਇਹ ਦਰਸ਼ਨ ਹੀ—ਕਿ ਉਹ ਸਾਰੇ ਹਿਰਦਿਆਂ ਵਿਚ ਵਸਦਾ ਹੈ—ਮਨ ਦੀ ਸੰਤੁਸ਼ਟਤਾ ਦਾ ਕਾਰਨ ਹੁੰਦੇ ਹਨ। ਇਸ ਵਿਸ਼ਵਾਸ ਅਧੀਨ ਬਣਨ ਵਾਲਾ ਆਚਰਨ ਹੀ ਜੀਵ ਨੂੰ ਖ਼ੁਸ਼ੀ ਦੇ ਸਕਦਾ ਹੈ।

(੩) 'ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥'

ਬਾਣੀ ਦੇ ਲਾਲਾਂ ਵਰਗੇ ਕੀਮਤੀ ਅਸੂਲਾਂ ਦੀ ਪਛਾਣ ਤੇ ਕਮਾਈ ਹੀ ਨਾਮ ਜੀਵਨ ਹੈ ਅਤੇ ਮਨੁੱਖ ਨੂੰ ਨਿਹਾਲ ਕਰ ਸਕਦੀ ਹੈ। ਬਾਣੀ ਦਾ ਮਹਾਨ ਅਸੂਲ ਨਾਮ ਹੈ ਅਤੇ ਨਾਮ ਇਹ ਪਛਾਣ ਹੈ ਕਿ ਪ੍ਰਭੂ ਹਰ ਹਿਰਦੇ ਵਿਚ ਬੈਠਾ ਹੈ; ਇਸ ਲਈ ਆਪਣੇ ਸਾਥੀਆਂ ਨਾਲ ਸੁਹਿਰਦ ਵਤੀਰਾ ਧਾਰਨ ਕਰਨਾ ਹੈ।

(੪) ਚਰਣ ਕਮਲ ਸਿਉ ਲਾਗੋ ਮਾਨੁ ॥
ਸਤਿਗੁਰਿ ਤੂਠੈ ਕੀਨੋ ਦਾਨੁ ॥

ਗੁਰੂ ਨੇ ਬੜੀ ਕਿਰਪਾ ਕਰਕੇ ਇਹ ਦ੍ਰਿੜ੍ਹ ਕਰਾਇਆ ਹੈ ਕਿ ਪ੍ਰਭੂ ਦੇ ਕਮਲ ਵਰਗੇ ਚਰਨਾਂ ਨਾਲ ਧਿਆਨ ਜੋੜਨਾ ਤੇ ਪ੍ਰਭੂ-ਚਰਨਾਂ ਦੀ ਪੂਜਾ ਇਹੋ ਵਿਸ਼ਵਾਸ ਹੈ ਕਿ ਪ੍ਰਭੂ ਹਰ ਹਿਰਦੇ ਵਿਚ ਬਿਰਾਜਮਾਨ ਹੈ।

ਸੋ ਨਾਮ ਉਹ ਵਤੀਰਾ ਜਾਂ ਆਚਰਨ ਹੋਇਆ ਜੋ ਇਸ ਵਿਸ਼ਵਾਸ ਅਧੀਨ ਬਣਦਾ ਹੈ ਕਿ ਪ੍ਰਭੂ ਹਰ ਹਿਰਦੇ ਵਿਚ ਹੈ। ਇਹੋ '੧ਓ' ਹੈ; ਇਹੋ ਮਾਨਵ-ਏਕਤਾ ਦਾ ਭਾਵ ਹੈ ਜਿਸ ਅਧੀਨ ਰੰਗਾਂ, ਨਸਲਾਂ, ਕੌਮਾਂ, ਜਾਤਾਂ, ਬੋਲੀਆਂ, ਦੇਸ਼ਾਂ, ਸਭਿਆਚਾਰਾਂ ਤੇ ਧਰਮਾਂ ਦੇ ਵਿਤਕਰੇ ਬਿਨਸਦੇ ਹਨ ਅਤੇ ਸਾਰਾ ਬ੍ਰਹਿਮੰਡ ਇਕ ਇਕਾਈ ਬਣਦਾ ਹੈ। ਉਹ ਦਸ਼ਾ ਮਾਨਵ ਆਦਰਸ਼ ਹੈ। ਇਸ ਨਾਮ-ਆਚਰਨ ਵਿਚ ਹੀ ਦਇਆ, ਸੰਤੋਖ ਤੇ ਸਤ ਉਪਜਦੇ ਹਨ।

---

ਆਸਾ ਮਹਲਾ ੫

੫.

ਅਨਦ ਬਿਨੋਦ ਭਰੇਪੁਰਿ ਧਾਰਿਆ ॥
ਅਪੁਨਾ ਕਾਰਜੁ ਆਪਿ ਸਵਾਰਿਆ ॥ ੧ ॥
ਪੂਰ ਸਮਗ੍ਰੀ ਪੂਰੇ ਠਾਕੁਰ ਕੀ ॥
ਭਰਿਪੁਰਿ ਧਾਰਿ ਰਹੀ ਸੋਭ ਜਾ ਕੀ ॥੧॥ਰਹਾਉ॥
ਨਾਮੁ ਨਿਧਾਨੁ ਜਾ ਕੀ ਨਿਰਮਲ ਸੋਇ ॥
ਆਪੇ ਕਰਤਾ ਅਵਰੁ ਨ ਕੋਇ ॥੨॥
ਜੀਅ ਜੰਤ ਸਭਿ ਤਾਕੈ ਹਾਥਿ ॥
ਰਵਿ ਰਹਿਆ ਪ੍ਰਭੁ ਸਭ ਕੈ ਸਾਥਿ ॥ ੩ ॥
ਪੂਰਾ ਗੁਰੁ ਪੂਰੀ ਬਣਤ ਬਣਾਈ ॥
ਨਾਨਕ ਭਗਤ ਮਿਲੀ ਵਡਿਆਈ ॥ ੪ ॥ ੨੪ ॥

'ਨਾਨਕ ਭਗਤ ਮਿਲੀ ਵਡਿਆਈ'—ਨਿਰਸੰਦੇਹ ਸੰਸਾਰ ਵਿਚ ਵਡਿਆਈ ਭਗਤੀ ਕਰਕੇ ਮਹਾਂਪੁਰਸ਼ਾਂ ਨੂੰ ਮਿਲਦੀ ਰਹੀ ਹੈ। ਸਾਰੇ ਲੋਕ ਭਗਤਾਂ ਦਾ ਸਤਿਕਾਰ ਕਰਦੇ ਰਹੇ ਹਨ ਅਤੇ ਕਰਦੇ ਹਨ। ਤਾਂ ਤੇ ਜੀਵਨ ਵਿਚ ਉੱਚੇ ਹੋਣ ਦਾ ਯਕੀਨੀ ਸਾਧਨ ਭਗਤੀ ਹੀ ਹੈ, ਨਾਮ ਭਗਤੀ। ਇਸ ਸ਼ਬਦ ਵਿਚ ਨਾਮ-ਭਗਤੀ ਦਾ ਸਰੂਪ ਇਸ ਪ੍ਰਕਾਰ ਸੁਣਾਇਆ ਗਿਆ ਹੈ :—

(੧) ਨਾਮ ਸਿਮਰਨ ਨਾਲ ਇਹ ਵਿਸ਼ਵਾਸ ਪੈਦਾ ਹੋਣਾ ਹੈ ਕਿ 'ਪੂਰਾ ਗੁਰੁ ਪੂਰੀ ਬਣਤ ਬਣਾਈ' ਹੈ। ਭਾਵ, ਪਰਮਾਤਮਾ ਪੂਰਨ ਗੁਰੂ ਹੈ। ਇਸ ਦਾ ਭਾਵ ਇਹ ਹੋਇਆ ਕਿ ਜੋ ਅਸੂਲ ਉਸ ਨੇ ਗੁਰੂਆਂ ਰਾਹੀਂ ਜਾਂ ਧਰਮ ਪੁਸਤਕਾਂ ਰਾਹੀਂ ਦ੍ਰਿੜ੍ਹ ਕਰਾਏ ਹਨ, ਉਹ ਸਤਿ ਹਨ ਅਤੇ ਉਹਨਾਂ ਤੇ ਪਹਿਰਾ ਦੇਣਾ, ਉਹਨਾਂ ਨੂੰ ਵਰਤੋਂ ਵਿਚ ਧਾਰਨ ਕਰਨਾ ਹੀ ਭਗਤੀ (ਪ੍ਰਭੂ ਪਿਆਰ) ਹੈ। ਪਰਮਾਤਮਾ 'ਸਚੁ' ਹੈ ਇਸ ਲਈ ਸਚਾਈ ਤੇ ਦ੍ਰਿੜ੍ਹ ਹੋਣਾ, ਉੱਤਮ ਭਗਤੀ ਹੈ; ਪਰਮਾਤਮਾ 'ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥' ਧਰਮ ਹੈ, ਦਇਆ ਤੇ ਸੰਤੋਖ ਹੈ—ਤਾਂ ਤੇ ਦਇਆ ਅਤੇ ਸੰਤੋਖ ਵਾਲਾ ਬਣਨਾ ਹੀ ਭਗਤੀ ਹੈ। ਸਾਧਾਰਨ ਸੱਚ, ਦਇਆ, ਧਰਮ, ਸੁਚ

ਆਦਿ ਦੇ ਅਸੂਲ ਹੀ ਭਗਤੀ ਹਨ। ਪਰਮਾਤਮਾ ਪੂਰਾ ਗੁਰੂ ਹੈ, ਦਾ ਭਾਵ ਹੈ ਕਿ ਉਸ ਦੇ ਦੱਸੇ ਅਸੂਲ ਪੂਰਨ ਹਨ—ਇਸ ਲਈ ਇਹਨਾਂ ਨੂੰ ਵਰਤੋਂ ਵਿਚ ਲਿਆਉਣਾ ਪ੍ਰਭੂ ਨੂੰ ਪ੍ਰੇਮ ਕਰਨਾ ਹੈ, ਇਹ ਭਗਤੀ ਹੈ। ਇਹ ਦਇਆ, ਸੰਤੋਖ ਆਦਿ ਦੇ ਗੁਣ ਮਨੁੱਖ ਨੂੰ ਉੱਚਾ ਕਰ ਦਿੰਦੇ ਹਨ।

(੨) ਭਗਤੀ ਉਹ ਮਾਨਸਕ ਅਵਸਥਾ ਹੈ ਜੋ ਇਸ ਵਿਸ਼ਵਾਸ ਵਿਚੋਂ ਉਪਜਦੀ ਹੈ ਕਿ 'ਪੂਰੀ ਬਣਤ ਬਣਾਈ', ਪੂਰ ਸਮਗ੍ਰੀ ਪੂਰੇ ਠਾਕੁਰ ਕੀ', 'ਅਪੁਨਾ ਕਾਰਜੁ ਆਪਿ ਸਵਾਰਿਆ'—ਸਾਰੇ ਸੰਸਾਰ ਤੇ ਬ੍ਰਹਿਮੰਡ ਵਿਚ ਕੋਈ ਵਿਉਂਤ ਕੰਮ ਕਰ ਰਹੀ ਹੈ ਅਤੇ ਇਸ ਵਿਉਂਤ (Plan) ਵਿਚ ਹਰ ਜੀਵ ਤੇ ਹਰ ਵਸਤੂ ਦੀ ਆਪਣੀ ਨਿਸਚਿਤ ਥਾਂ ਹੈ। ਅਸੀਂ ਸਾਰੇ ਇਕ 'ਖੇਲ' ਦੇ ਪਾਤਰ ਹਾਂ ਜੋ ਆਪਣਾ ਆਪਣਾ ਭਾਗ ਕਰ ਰਹੇ ਹਾਂ। ਇੱਥੇ ਕਿਧਰੇ ਵੱਡੇ ਛੋਟੇ, ਅਮੀਰ ਗ਼ਰੀਬ, ਉੱਚੇ ਨੀਵੇਂ ਦਾ ਕੋਈ ਸੁਆਲ ਨਹੀਂ ਹੈ। ਰੱਬੀ ਵਿਉਂਤ ਅਨੁਸਾਰ ਹਰ ਇਕ ਨੂੰ ਕਿਸੇ ਕੰਮ ਤੇ ਲਗਾ ਦਿੱਤਾ ਗਿਆ ਹੈ। ਕਿਸੇ ਨੂੰ ਘਿਰਣਾ ਕਰਨ ਦੀ ਲੋੜ ਨਹੀਂ, ਨਾ ਹੀ ਕਿਸੇ ਵੱਡੇ ਤੋਂ ਭੈ ਖਾਣ ਦੀ ਲੋੜ ਹੈ। ਅਸਲ ਵਿਚ ਸਾਰੇ ਜੀਵ ਸਤਿਕਾਰ ਦੇ ਹੱਕਦਾਰ ਹਨ ਅਤੇ ਬਰਾਬਰ ਹਨ। ਸੰਸਾਰ ਨੂੰ ਰਣ-ਭੂਮੀ ਸਮਝ ਕੇ ਹਰ ਇਕ ਨੇ ਆਪਣਾ ਆਪਣਾ ਭਾਗ ਕਰਨਾ ਹੈ। ਜਿਵੇਂ ਨਾਟਕ ਦੇ ਖੇਲ ਵਿਚ ਕੋਈ ਸਾਧ ਬਣ ਬਹਿੰਦਾ ਹੈ ਅਤੇ ਕੋਈ ਚੋਰ, ਪਰ ਹੁੰਦੇ ਉਹ ਸਾਰੇ ਇਕੋ ਕੁਝ ਹੀ ਹਨ। ਜਿਉਂ ਹੀ ਖੇਲ ਖਤਮ ਹੁੰਦਾ ਹੈ, ਉਹ ਬਰਾਬਰ ਦੇ ਸਾਥੀ ਹੁੰਦੇ ਹਨ। ਤਿਵੇਂ ਹੀ ਸਾਰੇ ਮਨੁੱਖ ਬਰਾਬਰ ਹਨ ਪਰ ਆਪਣਾ ਆਪਣਾ ਪ੍ਰਭੂ ਵਲੋਂ ਨਿਰੂਪਿਆ ਹੋਇਆ ਕੰਮ ਕਰ ਰਹੇ ਹਨ। ਸੋ, ਇਹ ਸਮ-ਦ੍ਰਿਸ਼ਟਤਾ ਨਾਮ ਸਿਮਰਨ ਹੈ।

(੩) 'ਰਵਿ ਰਹਿਆ ਪ੍ਰਭੁ ਸਭ ਕੈ ਸਾਥਿ'—ਭਗਤ ਵਿਚ ਸਮ ਦ੍ਰਿਸ਼ਟਤਾ ਇਸ ਸਿਧਾਂਤ ਵਿਚੋਂ ਉਪਜਦੀ ਹੈ ਕਿ ਪ੍ਰਭੂ ਦੀ ਅੰਸ ਹਰ ਜੀਵ ਵਿਚ ਹੈ, ਇਸ ਲਈ ਹਰ ਕੋਈ ਇਕੋ ਹੀ ਹੈ—ਕੋਈ ਨੀਵਾਂ ਉੱਚਾ ਨਹੀਂ ਹੈ। ਹਰ ਜੀਵ ਜੋ ਕਰਤੱਵ ਕਰ ਰਿਹਾ ਹੈ, ਉਹ ਵੀ ਪ੍ਰਭੂ ਪ੍ਰੇਰਨਾ ਵਿਚ ਹੀ ਕਰ ਰਿਹਾ ਹੈ—ਪ੍ਰਭੂ ਉਸ ਦੇ ਸਾਥਿ ਹੈ। ਕਿਸੇ ਨੂੰ ਨਿਰਾਸ ਉਦਾਸ ਹੋਣ ਦੀ ਲੋੜ ਨਹੀਂ ਹੈ, ਪ੍ਰਭ ਜੁ ਸਾਥੀ ਹੈ। ਇਹ ਸਮਤਾ ਅਤੇ ਆਸ਼ਾਵਾਦ ਦਾ ਦ੍ਰਿਸ਼ਟੀ-ਕੋਨ ਹੀ ਨਾਮ ਭਗਤੀ ਦਾ ਫਲ ਹੈ।

ਨਾਮ ਵਾਲਾ ਮਨੁੱਖ ਕਦੇ ਨਿਰਾਸ਼ ਨਹੀਂ ਹੁੰਦਾ, ਹਾਲਾਤ ਭਾਵੇਂ ਕਿਤਨੇ ਭਿਆਨਕ ਜਾਪਦੇ ਹੋਣ ਕਿਉਂਕਿ 'ਪ੍ਰਭੁ ਸਭ ਕੈ ਸਾਥਿ' ਹੈ, ਉਹ ਮਦਦ ਕਰਨ ਵਾਲਾ ਹੈ।

ਸਗੋਂ ਨਾਮ ਵਾਲਾ ਮਨੁੱਖ ਤਾਂ ਵਿਸ਼ਵਾਸ ਕਰਦਾ ਹੈ ਕਿ ਪਰਮਾਤਮਾ ਨੇ ਇਹ ਸੰਸਾਰ ਤਾਂ 'ਅਨਦ ਬਿਨੋਦ' ਦੀ ਥਾਂ ਬਣਾਇਆ ਹੈ—ਇਥੇ ਹਰ ਕਿਸੇ ਨੂੰ ਖ਼ੁਸ਼ੀ ਮਿਲਣੀ ਚਾਹੀਦੀ ਹੈ ਅਤੇ ਮਿਲ ਸਕਦੀ ਹੈ। ਸੰਸਾਰ ਵਿਚ ਤੁਹਾਡੀ ਸਮਝ ਅਨੁਸਾਰ ਦਿਸਦੀਆਂ ਕਮਜ਼ੋਰੀਆਂ ਤੇ ਬੁਰਾਈਆਂ ਦੇ ਵਿਰੁੱਧ ਗਿਲਾ, ਸ਼ਿਕਾਇਤ ਕਰਨੀ ਛੱਡ ਦਿਓ, ਭਗਤ ਐਸਾ ਕਰਦਾ ਹੈ। ਉਹ ਬ੍ਰਹਿਮੰਡ ਦੀ ਵਿਉਂਤ ਨੂੰ ਪੂਰਨ ਸਮਝਦਾ ਹੈ। ਸੰਸਾਰ ਹਰ ਇਕ ਨੂੰ ਉਹ ਕੁਝ ਹੀ ਦਿੱਸ ਸਕਦਾ ਹੈ, ਜੋ ਉਸ ਦਾ ਮਨ ਹੈ। ਜੇ ਮਨ ਨਾਮ ਤ ਪ੍ਰਭੂ ਪੂਰਣਤਾ ਦੇ ਵਿਸ਼ਵਾਸ ਨਾਲ ਭਰਿਆ ਹੈ ਤਦ ਹਨੇਰਾ, ਬੁਰਾਈ ਵੀ ਵਿਉਂਤ ਵਿਚ ਜ਼ਰੂਰੀ ਪਏ ਦਿਸਦੇ ਹਨ ਅਤੇ ਹਨੇਰਾ ਚਾਨਣ ਤੋਂ ਅਤੇ ਬੁਰਾਈ ਚੰਗਿਆਈ ਵਿਚ

ਵਟਦੇ ਜਾ ਰਹੇ ਦਿਸਦੇ ਹਨ।

ਸੋ ਨਾਮ, ਕੁਝ ਇਸ ਤਰ੍ਹਾਂ ਦਾ, ਖ਼ੁਸ਼ੀ ਭਰਪੂਰ ਪੂਰਣਤਾ ਦੇ ਵਿਸ਼ਵਾਸ ਵਾਲਾ, ਸਭ ਦਾ ਸਤਿਕਾਰ ਕਰਨ ਵਾਲਾ, ਸਮ-ਦ੍ਰਿਸ਼ਟਤਾ ਵਾਲਾ, ਬਾਣੀ ਵਿਚ ਆਏ ਅਸੂਲਾਂ ਤੇ ਤੁਰਨ ਵਾਲਾ ਰਵੱਈਆ ਹੈ। ਨਾਮ ਸਿਮਰਨ ਨਾਲ ਇਹ ਰਵੱਈਆ ਪੈਦਾ ਹੁੰਦਾ ਹੈ; ਇਸ ਰਵੱਈਏ ਦੇ ਪੈਦਾ ਕਰਨ ਲਈ ਯਤਨ ਕਰਨਾ ਵੀ ਸਿਮਰਨ ਕਰਨਾ ਹੈ।

---

ਆਸਾ ਮਹਲਾ ੫

੬.

ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥
ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥ ੧ ॥
ਊਤਮ ਮਤਿ ਮੇਰੈ ਰਿਦੈ ਤੂੰ ਆਉ ॥
ਧਿਆਵਉ ਗਾਵਉ ਗੁਣ ਗੋਵਿੰਦਾ,
ਅਤਿ ਪ੍ਰੀਤਮ ਮੋਹਿ ਲਾਗੈ ਨਾਉ ॥ ੧ ॥ ਰਹਾਉ ॥
ਤ੍ਰਿਪਤਿ ਅਘਾਵਨੁ ਸਾਚੈ ਨਾਇ ॥
ਅਠਸਠਿ ਮਜਨੁ ਸੰਤ ਧੂਰਾਇ ॥ ੨ ॥
ਸਭ ਮਹਿ ਜਾਨਉ ਕਰਤਾ ਏਕ ॥
ਸਾਧ ਸੰਗਤਿ ਮਿਲਿ ਬੁਧਿ ਬਿਬੇਕ ॥ ੩ ॥
ਦਾਸੁ ਸਗਲ ਕਾ ਛੋਡਿ ਅਭਿਮਾਨੁ ॥
ਨਾਨਕ ਕਉ ਗੁਰਿ ਦੀਨੋ ਦਾਨੁ ॥੪॥੨੫॥

ਇਸ ਸ਼ਬਦ ਵਿਚੋਂ ਪ੍ਰਤੱਖ ਹੈ ਕਿ 'ਨਾਮ' ਕੋਈ ਐਸਾ ਅਭਿਆਸ ਹੈ ਜੋ ਮਨ, ਮਤਿ ਤੇ ਬੁਧ ਨੂੰ ਬਣਾਉਂਦਾ ਹੈ, ਸੰਵਾਰਦਾ ਹੈ ਅਤੇ ਗੁਰਬਾਣੀ ਦੀ ਵਿਚਾਰ ਵਿਚੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ।

'ਗੁਰ ਕੈ ਸਬਦਿ ਬਨਾਵਹੁ ਇਹੁ ਮਨੁ'—ਗੁਰਬਾਣੀ ਦੀ ਵਿਚਾਰ ਨਾਲ ਮਨ ਸੰਵਰਦਾ ਹੈ (ਤੁਸੀਂ ਗੁਰ ਸ਼ਬਦ ਦੁਆਰਾ ਮਨ ਬਨਾਵਹੁ)। ਇਸ ਸਤਰ ਵਿਚ ਅਸੂਲ ਇਹ ਹੀ ਹੈ ਕਿ ਗੁਰਬਾਣੀ ਦੀ ਵਿਚਾਰ ਨਾਲ ਮਨੁੱਖ ਹਰੀ ਧਨ ਦੇ ਇਕੱਤਰ ਕਰਨ ਵਿਚ ਲਗਦਾ ਹੈ ਅਤੇ ਇਸ ਧਨ ਦੀ ਅਮੀਰੀ ਨਾਲ ਮਨ ਸੰਵਾਰਿਆ ਜਾਂਦਾ ਹੈ। 'ਊਤਮ ਮਤਿ ਮੇਰੈ ਰਿਦੈ ਤੂੰ ਆਉ'—ਗੁਰਬਾਣੀ ਦੀ ਵਿਚਾਰ ਨਾਲ ਉੱਤਮ ਮਤਿ ਹਿਰਦੇ ਵਿਚ ਆਉਂਦੀ ਹੈ ਅਤੇ ਉਹ ਇਹ ਹੀ ਹੈ ਕਿ ਮਨੁੱਖ ਨਾਮ ਵਿਚ ਲਗਦਾ ਹੈ ਜੋ ਉਸ ਦੇ ਮਨ ਨੂੰ ਸੰਵਾਰਦਾ ਹੈ।

ਤਾਂ ਤੇ, ਪਹਿਲੀਆਂ ਚਾਰ ਸਤਰਾਂ ਵਿਚ ਵਿਚਾਰ ਇਹ ਹੈ ਕਿ ਗੁਰਬਾਣੀ ਦੀ ਵਿਚਾਰ ਜੀਵ ਨੂੰ ਨਾਮ ਵਲ ਲਗਾਂਦੀ ਹੈ ਜਿਸ ਦੁਆਰਾ ਜੀਵ ਦਾ ਮਨ ਸੋਹਣਾ ਹੋ ਜਾਂਦਾ ਹੈ, ਸੰਵਰ ਜਾਂਦਾ ਹੈ।

ਇਸ ਸੰਵਾਰੇ ਹੋਏ ਮਨ ਦੇ ਲੱਛਣ ਇਹ ਹਨ :—

(੧) 'ਤ੍ਰਿਪਤਿ ਅਘਾਵਨੁ ਸਾਚੈ ਨਾਇ'—ਨਾਮ ਦੁਆਰਾ ਮਨੁੱਖੀ ਹਿਰਦਾ ਰੱਜ ਪੁੱਜ ਜਾਂਦਾ ਹੈ। ਭਾਵ, ਨਾਮ ਵਾਲਾ ਮਨੁੱਖ ਵਿਚਾਰਾਂ ਤੇ ਨੀਅਤ ਵਿਚ ਅਮੀਰ ਹੁੰਦਾ ਹੈ। ਉਸ ਦੇ ਅੰਦਰ ਲਾਲਚ ਨਹੀਂ ਹੁੰਦਾ—ਨਾ ਧਨ ਦਾ, ਨਾ ਵਡਿਆਈ ਦਾ, ਨਾ ਪ੍ਰਭਤਾ ਦਾ। ਰਜੇਵਾਂ ਨਾਮ ਹੈ, ਸੁਭਾਅ ਤੇ ਵਿਚਾਰਾਂ ਦਾ ਰਜੇਵਾਂ, ਪਦਾਰਥ ਦੇ ਲਾਲਚ ਦੀ ਤਾਂ ਥਾਂ ਹੀ ਨਹੀਂ ਉਥੇ। ਸੋ ਨਾਮ ਰੱਜਿਆ ਪੁੱਜਿਆ ਸੁਭਾਅ ਪੈਦਾ ਕਰਦਾ ਹੈ।

(੨) 'ਅਠਸਠਿ ਮਜਨੁ ਸੰਤ ਧੂਰਾਇ'—ਗੁਰੂ ਸੰਤ ਹੈ। ਸੰਤ ਦੀ ਧੂੜ ਵਿਚ ਇਸ਼ਨਾਨ (ਮਜਨੁ) ਦਾ ਭਾਵ ਗੁਰੂ ਦੀ ਬਾਣੀ ਵਿਚ ਇਸ਼ਨਾਨ ਹੈ। ਮਨ ਜਦੋਂ ਬਾਣੀ ਵਿਚ ਇਸ਼ਨਾਨ ਕਰਦਾ ਹੈ ਭਾਵ ਬਾਣੀ ਵਿਚਾਰਦਾ ਹੈ ਤਾਂ ਉਹ ਨਾਮ ਵਿਚ ਵੀ ਲਗਦਾ ਹੈ। ਨਾਮ ਵਿਚ ਲੱਗਣ ਦਾ ਫਲ ਇਹ ਹੁੰਦਾ ਹੈ ਕਿ ਉਸ ਦਾ ਮਨ ਇਤਨਾ ਪਵਿੱਤਰ ਹੋ ਜਾਂਦਾ ਹੈ ਜਿਵੇਂ ਕਿ ਉਹ ੬੮ ਤੀਰਥਾਂ ਦਾ ਇਸ਼ਨਾਨ ਕਰਕੇ ਆਇਆ ਹੋਵੇ। ਭਾਵ, ਉਸ ਦਾ ਮਨ ਪਵਿੱਤਰਤਾ ਹੀ ਬਣ ਜਾਂਦਾ ਹੈ। ਸੋ ਨਾਮ ਸਿਮਰਨ ਮਨੁੱਖ ਨੂੰ ਹਿਰਦੇ ਦੀ ਪਵਿੱਤਰਤਾ ਦਿੰਦਾ ਹੈ। ਨਾਮ ਵਾਲੇ ਮਨੁੱਖ ਦੇ ਵਿਚਾਰ, ਬੋਲ ਤੇ ਕਰਤਵ ਵਿਚ ਉਹ ਪਵਿੱਤਰਤਾ ਪਰਵੇਸ਼ ਕਰਦੀ ਹੈ। ਨਾਮ ਪਵਿੱਤਰਤਾ ਹੈ।

(੩) "ਸਭ ਮਹਿ ਜਾਨਉ ਕਰਤਾ ਏਕ ॥ ਸਾਧ ਸੰਗਤਿ ਮਿਲਿ ਬੁਧਿ ਬਿਬੇਕ।" ਸਾਧ ਗੁਰੂ ਹੈ; ਗੁਰੂ ਦੀ ਸੰਗਤ ਭਾਵ ਬਾਣੀ ਦੀ ਵਿਚਾਰ ਦੁਆਰਾ ਮਨੁੱਖ ਨਾਮ ਵਿਚ ਲਗਦਾ ਹੈ; ਨਾਮ ਕਰਕੇ ਮਨੁੱਖ ਨੂੰ ਬਿਬੇਕ ਬੁਧਿ ਪ੍ਰਾਪਤ ਹੁੰਦੀ ਹੈ। ਬਿਬੇਕ ਬੁਧਿ ਦਾ ਭਾਵ ਉਹ ਪੱਧਰ ਹੈ ਜੋ ਨਿਰਣਾ ਕਰ ਸਕਦਾ ਹੈ ਕਿ ਸਤਿ ਕੀ ਹੈ ਅਤੇ ਅ-ਸਤਿ ਕੀ ਹੈ। ਨਾਮ ਬਿਬੇਕ ਬੁਧਿ ਹੈ।

ਬਿਬੇਕ ਦਾ ਉੱਚਤਮ ਪੱਧਰ ਇਸ ਅਸੂਲ ਜਾਂ ਅਸਲੀਅਤ ਦਾ ਗਿਆਨ ਤੇ ਵਿਸ਼ਵਾਸ ਹੈ ਕਿ ਪਰਮਾਤਮਾ ਦੀ ਜੋਤ ਸਭ ਵਿਚ ਕੰਮ ਕਰਦੀ ਹੈ। ਇਸ ਲਈ ਸਭ ਜੀਵ ਸਤਿਕਾਰ ਦੇ ਹੱਕਦਾਰ ਹਨ। ਭਾਵ, ਨਾਮ ਮਨੁੱਖ ਵਿਚ ਬਿਬੇਕ ਪੈਦਾ ਕਰਦਾ ਹੈ ਜਿਸ ਕਰਕੇ ਉਹ ਸਾਰੇ ਜੀਵਾਂ ਨੂੰ ਬਰਾਬਰ ਸਮਝਦਾ ਹੈ ਅਤੇ ਸਭ ਨਾਲ ਪਿਆਰ ਕਰਦਾ ਹੈ, ਸਭ ਦਾ ਸਤਿਕਾਰ ਕਰਦਾ ਹੈ।

(੪) "ਦਾਸੁ ਸਗਲ ਕਾ ਛੋਡਿ ਅਭਿਮਾਨੁ ॥ ਨਾਨਕ ਕਉ ਗੁਰਿ ਦੀਨੋ ਦਾਨੁ।" ਗੁਰੂ ਮਨੁੱਖ ਨੂੰ ਨਾਮ ਦਿੰਦਾ ਹੈ। ਨਾਮ ਮਨੁੱਖ ਅੰਦਰ ਨਿਮਰਤਾ ਪੈਦਾ ਕਰਦਾ ਹੈ— 'ਦਾਸੁ ਸਗਲ ਕਾ ਛੋਡਿ ਅਭਿਮਾਨੁ'—ਜਿਸ ਕਰਕੇ ਮਨੁੱਖ ਹਰ ਜੀਵ ਦਾ ਸਤਿਕਾਰ ਕਰਦਾ ਹੈ। ਸੋ, ਨਾਮ ਨਿਮਰਤਾ ਹੈ।

ਨਾਮ ਸ਼ਖਸੀਅਤ (ਮਨ) ਦੀ ਉਸਾਰੀ ਕਰਦਾ ਹੈ, ਮਨ ਨੂੰ ਸੰਵਾਰਦਾ ਹੈ। ਸੰਵਰੀ ਹੋਈ ਸ਼ਖਸੀਅਤ ਦੇ ਵਿਸ਼ੇਸ਼ ਗੁਣ ਰਜੇਵਾਂ, ਪਵਿੱਤਰਤਾ, ਨਿਮਰਤਾ ਤੇ ਸਭ ਦਾ ਸਤਿਕਾਰ ਕਰਨਾ ਹਨ। ਇਹ ਨਾਮ ਦੁਆਰਾ ਪੈਦਾ ਹੋਣ ਵਾਲੇ ਗੁਣ ਹਨ ਜਾਂ ਇਹਨਾਂ ਗੁਣਾਂ ਲਈ ਯਤਨ ਕਰਨਾ ਨਾਮ ਸਿਮਰਨ ਹੈ।

————

## ਆਸਾ ਮਹਲਾ ੫

੭.

ਬੁਧਿ ਪ੍ਰਗਾਸ ਭਈ ਮਤਿ ਪੂਰੀ ॥
ਤਾ ਤੇ ਬਿਨਸੀ ਦੁਰਮਤਿ ਦੂਰੀ ॥ ੧ ॥
ਐਸੀ ਗੁਰਮਤਿ ਪਾਈਅਲੇ ॥
ਬੂਡਤ ਘੋਰ ਅੰਧ ਕੂਪ ਮਹਿ
ਨਿਕਸਿਓ ਮੇਰੇ ਭਾਈ ਰੇ ॥ ੧ ॥ ਰਹਾਉ ॥
ਮਹਾ ਅਗਾਹ ਅਗਨਿ ਕਾ ਸਾਗਰੁ ॥
ਗੁਰੁ ਬੋਹਿਥੁ ਤਾਰੇ ਰਤਨਾਗਰੁ ॥ ੨ ॥
ਦੁਤਰ ਅੰਧ ਬਿਖਮ ਇਹ ਮਾਇਆ ॥
ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥ ੩ ॥
ਜਾਪ ਤਾਪ ਕਛੁ ਉਕਤਿ ਨ ਮੋਰੀ ॥
ਗੁਰ ਨਾਨਕ ਸਰਣਾਗਤਿ ਤੇਰੀ ॥ ੪ ॥ ੨੬ ॥

ਗੁਰਮਤਿ ਜਾਂ ਗੁਰੂ ਦਾ ਉਪਦੇਸ਼ ਤਾਂ ਨਾਮ-ਭਗਤੀ ਦਾ ਉਪਦੇਸ਼ ਹੈ। ਇਸ ਸ਼
ਵਿਚ ਬਿਆਨ ਇਹ ਹੈ ਕਿ ਗੁਰਮਤਿ ਕਰਕੇ ਨਾਮ ਸਿਮਰਨ ਵਿਚ ਪਰਵਿਰਤ ਹੋਣ ਨਾ
ਜੀਵ ਵਿਚ ਉਨਤੀ ਇਹ ਹੁੰਦੀ ਹੈ ਕਿ—

(੧) ਮਨੁੱਖ ਰੋਸ਼ਨ ਦਿਮਾਗ਼ ਹੋ ਜਾਂਦਾ ਹੈ 'ਬੁਧਿ ਪ੍ਰਗਾਸ ਭਈ ਮਤਿ ਪੂਰੀ
ਮਨੁੱਖ ਦੀ ਬੌਧਿਕ ਸੂਝ ਵਧਦੀ ਹੈ ਅਤੇ ਜਜ਼ਬੀ ਤੋਲ ਵਧਦਾ ਹੈ, ਪੂਰਨ ਅਸਲੀਅ
ਤੇ ਸਚਾਈ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸੋ ਨਾਮ ਮਨੁੱਖੀ ਦਿਮਾਗ਼ ਨੂੰ ਰੋ
ਕਰਦਾ ਹੈ।

ਦਿਮਾਗ਼ੀ ਗਿਆਨ ਦੁਆਰਾ 'ਤਾ ਤੇ ਬਿਨਸੀ ਦੂਰਮਤਿ ਦੂਰੀ' ਖੋਟੀ ਮਤ ਨ
ਹੁੰਦੀ ਹੈ—ਜਿਉਂ ਜਿਉਂ ਸਚਾਈ ਦੀ ਸੂਝ ਵਧਦੀ ਹੈ ਤਿਉਂ ਤਿਉਂ ਮਨੁੱਖ
ਪਰਮਾਤਮਾ ਤੋਂ ਵਿੱਥ ਮਿਟਦੀ ਹੈ ਭਾਵ ਉਹ ਆਦਰਸ਼ ਜੀਵਨ ਦੇ ਨੇੜੇ ਪੁਜਦਾ ਹੈ।
ਨਾਮ ਉਹ ਗੁਣ ਹਨ ਜੋ ਮਨੁੱਖ ਦੀ ਸ਼ਖ਼ਸੀਅਤ ਨੂੰ ਆਦਰਸ਼ਕ ਬਣਾਉਂਦੇ ਹਨ
ਪਰਮਾਤਮਾ ਦੀ ਅਸਲੀਅਤ ਇਹ ਹੈ ਕਿ ਉਹ ਹਰ ਜੀਵ ਵਿਚ ਹੈ, ਤਾਂ ਤੇ ਮਨੁੱਖ
ਵਤੀਰਾ ਆਪਣੇ ਸਾਥੀਆਂ ਨਾਲ ਸੁਚੱਜਾ ਤੇ ਸੰਤੁਲਤ ਹੋ ਜਾਂਦਾ ਹੈ।

(੨) ਨਾਮ ਵਾਲੇ ਮਨੁੱਖ ਵਿਚ ਇਕ ਵਿਸ਼ੇਸ਼ਤਾ ਇਹ ਉਪਜਦੀ ਹੈ ਕਿ 'ਬੂ
ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ' ਮਨੁੱਖ ਅੰਧ ਕੂਪ ਵਿਚੋਂ ਨਿਕਲ ਜਾਂ
ਹੈ; ਅਗਿਆਨਤਾ ਦੇ ਖੂਹ ਵਿਚੋਂ ਨਿਕਲ ਜਾਂਦਾ ਹੈ। ਅਗਿਆਨਤਾ ਇਹੋ ਹੈ ਕਿ
ਹੋਰ ਹਾਂ ਤੇ ਬਾਕੀ ਲੋਕ ਹੋਰ ਹਨ—ਅਦ੍ਵੈਤ ਦੇ ਉਲਟ, ਦ੍ਵੈਤ। ਅਗਿਆਨੀ ਪੁਰ
ਦ੍ਵੈਤ ਜਾਂ ਹਉਮੈ ਵਿਚ ਰਹਿੰਦਾ ਹੈ। ਉਹ ਟੱਬਰ ਦੇ ਖੂਹ ਵਿਚ ਹੀ ਮਸਤ ਰਹਿੰਦਾ
ਹੋਰਾਂ ਦੇ ਹਿਤਾਂ ਤੇ ਲਾਭਾਂ ਦਾ ਧਿਆਨ ਨਹੀਂ ਰਖਦਾ, ਕੇਵਲ ਆਪਣੇ ਹਿਤਾਂ ਤੇ ਲਾ
ਦਾ ਧਿਆਨ ਰਖਦਾ ਹੈ। 'ਅੰਧ-ਕੂਪ' ਤੰਗ-ਨਜ਼ਰੀ, ਹਉਮੈ ਤੇ ਖ਼ੁਦਗਰਜ਼ੀ ਦਾ ਸੂਚ

ਹੈ। ਨਾਮ ਵਾਲਾ ਮਨੁੱਖ ਤੰਗ-ਨਜ਼ਰ, ਹੰਕਾਰੀ ਅਤੇ ਖ਼ੁਦਗਰਜ਼ ਨਹੀਂ ਹੋ ਸਕਦਾ; ਨਾਮ ਨਜ਼ਰ ਦੀ ਵਿਸ਼ਾਲਤਾ, ਹਿਰਦੇ ਦੀ ਵਿਸ਼ਾਲਤਾ ਅਤੇ ਸਾਂਝੀਵਾਲਤਾ (ਹਉਮੈ ਦੇ ਉਲਟ) ਦਾ ਸੂਚਕ ਹੈ।

(੩) "ਮਹਾ ਅਗਾਹ ਅਗਨਿ ਕਾ ਸਾਗਰੁ ॥
ਗੁਰੂ ਬੋਹਿਥੁ ਤਾਰੇ ਰਤਨਾਗਰੁ ॥"

ਗੁਰੂ ਦੀ ਕਿਰਪਾ ਨਾਲ ਜੋ ਸੁਮਤਿ ਪ੍ਰਾਪਤ ਹੁੰਦੀ ਹੈ, ਉਹ ਹੀ ਨਾਮ ਹੈ, ਉਸ ਸੁਮਤਿ ਕਰਕੇ ਮਨੁੱਖ ਸੰਸਾਰ ਦੀ ਅੱਗ ਵਿਚ ਨਹੀਂ ਸੜਦਾ ਭਾਵ ਉਸ ਵਿਚ ਹਿੰਸਾ, ਹੇਤ, ਲੋਭ ਤੇ ਕ੍ਰੋਪ ਨਹੀਂ ਹੁੰਦੇ ਜੋ ਗੁਰਬਾਣੀ ਵਿਚ ਅੱਗ ਦੀਆਂ ਨਦੀਆਂ ਮੰਨੀਆਂ ਗਈਆਂ ਹਨ। ਨਾਮ ਵਾਲਾ ਮਨੁੱਖ ਖੋਹ ਮੋਹੀ ਜਾਂ ਧੱਕਾ ਨਹੀਂ ਕਰਦਾ—ਉਹ 'ਹਿੰਸਾ' ਤੋਂ ਖ਼ਾਲੀ ਹੁੰਦਾ ਹੈ; ਨਾਮ ਵਾਲਾ ਕੁੰਬਾ-ਪਰਵਰੀ ਨਹੀਂ ਕਰਦਾ—ਇਹ 'ਹੇਤ' ਹੈ, ਨਾਮ ਵਾਲਾ ਲੋਭ ਤੇ ਕ੍ਰੋਧ ਨਹੀਂ ਕਰਦਾ ਸਗੋਂ ਉਹ ਨਿਆਂ ਵਾਲਾ, ਸਾਰਿਆਂ ਨੂੰ ਬਰਾਬਰ ਸਮਝਣ ਵਾਲਾ, ਜੀਵਾਂ ਨੂੰ ਪ੍ਰੇਮ ਕਰਨ ਵਾਲਾ ਅਤੇ ਠੰਢੇ ਹਿਰਦੇ ਵਾਲਾ ਹੁੰਦਾ ਹੈ। ਨਾਮ ਇਹ ਸ਼ਖ਼ਸੀਅਤ ਹੈ।

(੪) "ਦੁਤਰ ਅੰਧ ਬਿਖਮ ਇਹ ਮਾਇਆ ॥
ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥"

ਨਾਮ ਵਾਲਾ ਮਨੁੱਖ ਜਿਸ ਨੂੰ ਗੁਰ ਨੇ ਪਰਗਟ ਮਾਰਗ ਤੇ ਪਾ ਦਿੱਤਾ ਹੈ, ਉਹ ਮਾਇਆ ਜਾਲ ਵਿਚੋਂ ਨਿਕਲ ਜਾਂਦਾ ਹੈ। ਉਹ ਮਾਇਆ ਦੀ ਲਿਸ਼ਕ ਦਾ ਮੋਹਿਆ ਹੋਇਆ, ਇਸ ਦੀ ਪ੍ਰਾਪਤੀ ਲਈ ਪਾਪ ਤੇ ਕੁਕਰਮ ਨਹੀਂ ਕਰਦਾ। ਉਹ ਪ੍ਰਾਪਤ ਹੋਈ ਮਾਇਆ ਨਾਲ ਭੋਗਾਂ ਵਿਚ ਗ਼ਲਤਾਨ ਨਹੀਂ ਹੁੰਦਾ; ਉਹ ਮਾਇਆ ਦੇ ਨਸ਼ੇ ਵਿਚ ਅੰਧ ਵਰਤਾਰਾ ਨਹੀਂ ਕਰਦਾ। ਨਾਮ ਵਾਲੇ ਮਨੁੱਖ ਲਈ ਸਿੱਧਾ ਮਾਰਗ ਨੇਕੀ ਤੇ ਪਵਿੱਤਰਤਾ ਦਾ ਹੈ, ਨਾਮ ਵਾਲੇ ਮਨੁੱਖ ਵਿਚ ਮਾਇਆ ਦੇ ਪਾਪ, ਭੋਗ ਤੇ ਮਸਤੀ ਨੂੰ ਪਾਰ ਕਰ ਸਕਣ ਦੀ ਸਮਰੱਥਾ ਹੁੰਦੀ ਹੈ। ਨਾਮ ਵਾਲਾ ਮਨੁੱਖ ਤਾਂ ਸੂਰਮਾ ਹੈ—ਨੇਕੀ ਤੇ ਪਵਿੱਤਰਤਾ ਦੇ ਮਾਰਗ ਦਾ ਸੂਰਮਾ।

(੫) "ਜਾਪ ਤਾਪ ਕਛੁ ਉਕਤਿ ਨ ਮੋਰੀ ।
ਗੁਰ ਨਾਨਕ ਸਰਣਾਗਤਿ ਤੋਰੀ ॥"

ਨਾਮ ਵਾਲਾ ਮਨੁੱਖ ਆਪਣੀ ਕਿਸੇ ਕਰਨੀ ਦਾ ਹੰਕਾਰ ਨਹੀਂ ਕਰਦਾ: ਉਹ ਆਪਣੇ ਆਚਰਨ ਦਾ ਆਧਾਰ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਨੂੰ ਹੀ ਮੰਨਦਾ ਹੈ। ਨਾਮ ਉਸ ਦੀ ਓਟ ਹੈ। ਨਾਮ ਮਨੁੱਖ ਨੂੰ ਸਾਹਸ ਦਿੰਦਾ ਹੈ ਕਿ ਉਹ ਉੱਚੇ ਪੱਧਰ ਦੇ ਵਤੀਰੇ ਨੂੰ ਅਪਣਾ ਸਕੇ। ਇਸ ਦਸ਼ਾ ਨੂੰ ਸਰਣਾਗਤਿ ਕਹਿੰਦੇ ਹਨ।

ਸੋ ਨਾਮ ਸਿਮਰਨ ਮਨੁੱਖ ਨੂੰ ਰੋਸ਼ਨ ਦਿਮਾਗ ਬਣਾਉਂਦਾ ਹੈ ਜਿਸ ਦੁਆਰਾ ਉਹ ਉੱਚੇ ਵਰਤਾਰੇ ਨੂੰ ਅਪਣਾਉਂਦਾ ਹੈ; ਨਾਮ ਵਾਲਾ ਮਨੁੱਖ ਤੰਗ-ਨਜ਼ਰ ਤੇ ਖ਼ੁਦਗਰਜ਼ ਨਹੀਂ ਹੁੰਦਾ; ਨਾਮ ਵਾਲਾ ਮਨੁੱਖ ਮਾਇਆ ਦੇ ਲਾਲਚ ਵਿਚ ਫਸ ਕੇ ਪਾਪ ਨਹੀਂ ਕਰਦਾ, ਨਾ ਹੀ ਮਾਇਆ ਦੀ ਮਸਤੀ ਵਿਚ ਉਛਲਦਾ ਹੈ; ਨਾਮ ਵਾਲਾ ਮਨੁੱਖ ਨਿਮਰਤਾ ਵਾਲਾ

ਹੈ ਪਰ ਪੂਰਨ ਸਾਹਸ ਤੇ ਦ੍ਰਿੜ੍ਹਤਾ ਦਾ ਧਾਰਨੀ ਹੁੰਦਾ ਹੈ। ਨਾਮ ਸ਼ਖ਼ਸੀਅਤ ਦਾ ਪੱਧਰ ਹੀ ਹੈ।

---

ਆਸਾ ਮਹਲਾ ੫

੮.

ਹਰਿ ਰਸੁ ਪੀਵਤ ਸਦ ਹੀ ਰਾਤਾ ॥
ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥
ਆਨ ਰਸਾ ਮਹਿ ਵਿਆਪੈ ਚਿੰਦ ॥ ੧ ॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥
ਆਨ ਰਸਾ ਸਭਿ ਹੋਛੇ ਰੇ ॥ ੧ ॥ ਰਹਾਉ ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥
ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥
ਜਿਸਹਿ ਪਰਾਪਤਿ ਤਿਸ ਹੀ ਦੇਹਿ ॥ ੨ ॥
ਨਾਨਕ ਚਾਖਿ ਭਏ ਬਿਸਮਾਦੁ ॥
ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥
ਨਾਨਕ ਗੀਧਾ ਹਰਿ ਰਸ ਮਾਹਿ ॥ ੩ ॥ ੨੭ ॥

ਨਾਮ ਮਨੁੱਖ ਨੂੰ ਉਹ ਜੀਵਨ ਦਿੰਦਾ ਹੈ ਜਿਸ ਵਿਚ ਰਸ ਹੁੰਦਾ ਹੈ ਤੇ ਰਸ ਵੀ ਐਸਾ ਜੋ 'ਸਦ ਹੀ ਰਾਤਾ' ਵਾਲਾ ਹੈ ਨਾ ਕਿ 'ਖਿਨ ਮਹਿ ਲਹਿ ਜਾਤਾ' ਵਾਲਾ, ਜੋ 'ਸਦਾ ਅਨੰਦ' ਵਾਲਾ ਹੈ, ਨਾ ਕਿ 'ਵਿਆਪੈ ਚਿੰਦ' ਵਾਲਾ, ਜੋ ਮਨੁੱਖ ਨੂੰ 'ਅਲਮਸਤੁ ਮਤਵਾਰਾ' ਬਣਾਉਂਦਾ ਹੈ ਨਾ ਕਿ ਹੋਛਾ ਬਣਾਉਂਦਾ ਹੈ। ਭਾਵ, ਨਾਮ ਨਾਲ ਜੀਵਨ ਵਿਚ ਪੈਦਾ ਹੋਣ ਵਾਲਾ ਰਸ 'ਹੋਛਾ' ਨਹੀਂ, ਇਹ ਮਹਾਨਤਾ ਦਾ ਰਸ, ਸਥਿਰ ਰਹਿਣ ਵਾਲਾ ਤੇ ਨਿਸਚਿੰਤੀ ਦੇਣ ਵਾਲਾ ਰਸ ਹੈ। ਇਹ ਮਹਾਨਤਾ ਵਿਚੋਂ ਪੈਦਾ ਹੋਣ ਵਾਲਾ ਰਸ ਹੈ, ਸੋ 'ਰਸ' ਦਾ ਕਾਰਨ ਮਹਾਨਤਾ ਹੈ। ਮਹਾਨਤਾ ਦਾ ਆਧਾਰ ਮਨੁੱਖੀ ਸ਼ਖ਼ਸੀਅਤ ਦੀ ਅਮੀਰੀ ਹੈ, ਜਿਸ ਵਿਚ ਮਿਠਾਸ, ਪਵਿੱਤਰਤਾ, ਸਚਾਈ, ਦਿਆਨਤਦਾਰੀ ਦੇ ਗੁਣ ਹਨ। ਇਹ ਅਮੀਰੀ ਕੇਵਲ ਨਾਮ ਨਾਲ ਉਪਜ ਸਕਦੀ ਹੈ, ਕਿਸੇ ਥਾਂ ਤੋਂ ਖ਼ਰੀਦੀ ਨਹੀਂ ਜਾ ਸਕਦੀ। ਜੇ ਵਿਹਾਜੀ ਜਾ ਸਕਦੀ ਹੈ ਤਾਂ ਕੇਵਲ ਗੁਰਬਾਣੀ ਦੀ ਵਿਚਾਰ ਦੁਆਰਾ; ਕਿਉਂਕਿ 'ਹਰਿ ਰਸ ਸਾਧੂ ਹਾਟਿ ਸਮਾਇ' ਹੀ ਹੈ। ਸੋ ਨਾਮ ਦਾ ਸਿਧਾਂਤ ਤੇ ਸ਼ਖ਼ਸੀਅਤ ਦੀ ਮਹਾਨਤਾ ਦਾ ਸਿਧਾਂਤ ਹੀ ਨਿਕਲਿਆ।

ਨਾਮ ਵਾਲੇ ਲੋਕ ਸਚਮੁੱਚ ਬੜੇ ਰਸ ਵਾਲੇ ਲੋਕ ਹੋਏ ਹਨ—ਉਹਨਾਂ ਦੇ ਹਰ ਕਰਤੱਵ ਤੇ ਹਰ ਬਚਨ ਵਿਚ ਰਸ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਇਸ ਰਸ ਦਾ ਪਰਮਾਣ ਹੈ। ਸਦੀਵ ਕਾਲ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਮਾਤਰ ਨੂੰ ਰਸ ਦਿੰਦੀ ਰਹੇਗੀ। ਕਾਰਨ ਇਹ ਹੈ ਕਿ 'ਸੁਖਮਨੀ' ਦੇ ਕਰਤਾ ਅੰਦਰ ਕੋਈ ਰਸ ਸੀ, 'ਜਪੁ' ਦੇ ਕਰਤਾ ਅੰਦਰ ਕੋਈ ਰਸ ਸੀ। ਇਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਚਰਿਤ੍ਰ ਵੀ ਮਨੁੱਖ ਮਾਤਰ ਨੂੰ ਰਸ ਦਿੰਦੇ ਰਹਿਣਗੇ—ਕਾਰਨ ਇਹ ਹੈ ਕਿ ਉਹਨਾਂ ਅੰਦਰ ਕੋਈ ਰਸ ਸੀ।

ਇਹਨਾਂ ਸਭ ਲੋਕਾਂ ਨੇ ਆਪਣੇ ਅੰਦਰਲੇ ਰਸ ਦਾ ਕਾਰਨ ਨਾਮ ਸਿਮਰਨ ਮੰਨਿਆ ਹੈ—

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥

ਨਾਮ ਸਿਮਰਨ ਵਾਲੇ ਮਨੁੱਖ ਦੇ ਅੰਦਰੋਂ ਹੀ ਰਸ ਦਾ ਸੋਮਾ ਫੁਟ ਪੈਂਦਾ ਹੈ। ਇਹ ਸੋਮਾ ਉਸ ਦੀ ਸ਼ਖ਼ਸੀਅਤ ਦੇ ਗੁਣ ਹੀ ਹਨ। ਨਾਮ ਸਿਮਰਨ ਵਾਲੇ ਦੇ ਵਿਚਾਰ ਸੁੰਦਰ, ਬਚਨ ਮਿੱਠੇ ਤੇ ਕਰਤੱਵ ਕੋਮਲ ਹੁੰਦੇ ਹਨ। ਨਾਮ ਸਿਮਰਨ ਵਾਲੇ ਪੁਰਸ਼ ਦੀ ਛੋਹ ਵਿਚੋਂ ਰਸ ਪ੍ਰਾਪਤ ਹੁੰਦਾ ਹੈ।

ਸ਼ਬਦ ਸਾਦਾ ਹੀ ਹੈ। ਪਰਮੁਖ ਵਿਚਾਰ ਨਾਮ ਰਸ ਦਾ ਹੈ, ਨਾਮ ਰਸ ਦਾ ਭਾਵ ਉਪਰ ਸਮਝਣ ਦਾ ਯਤਨ ਕੀਤਾ ਹੈ। ਜੀਵਨ ਵਿਚ ਰਸ ਦਾ ਆਧਾਰ ਸ਼ਖ਼ਸੀਅਤ ਹੈ ਜੋ ਸਿਮਰਨ ਨਾਲ ਪੈਦਾ ਹੁੰਦੀ ਹੈ।

———

ਆਸਾ ਮਹਲਾ ੫

੯.

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥ ੧ ॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ਰਹਾਉ॥
ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥ ੨ ॥
ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥ ੩ ॥ ੨੮ ॥

(੧) ਇਸ ਸ਼ਬਦ ਵਿਚ ਜੀਵਨ ਦੀ ਕਿਸੇ ਉੱਚੀ ਅਵਸਥਾ ਦਾ ਬਿਆਨ ਇਹਨਾਂ ਤੁਕਾਂ ਵਿਚ ਕੀਤਾ ਹੈ—

'ਪ੍ਰੀਤਮ ਹੋਵਹਿ ਮਨਿ ਪਿਆਰੀ ॥'
'ਦੂਖ ਭੂਖ ਮਿਟੈ ਤੇਰੋ ਸਹਸਾ'
'ਸੁਖ ਪਾਵਹਿ ਤੂ ਸੁਖਮਨਿ ਨਾਰੀ ॥'
'ਆਤਮ ਸੁਧੁ', 'ਪਾਵਹਿ ਸੋਭਾ ਹਰਿ ਦੁਆਰੀ ॥'
ਤੇ 'ਭਉਜਲੁ ਪਾਰਿ ਉਤਾਰੀ ॥'

ਮਨੁੱਖ ਤੇ ਪਰਮਾਤਮਾ ਵਿਚ ਇਹ ਸੰਬੰਧ ਬਣ ਸਕਦਾ ਹੈ ਤੇ ਮਨੁੱਖੀ ਮਨ ਨੂੰ ਇਹ ਦਸ਼ਾ ਪ੍ਰਾਪਤ ਹੋ ਸਕਦੀ ਹੈ ।

(੨) ਦੂਜੇ, ਇਸ ਸ਼ਬਦ ਵਿਚ, ਇਹਨਾਂ ਗੱਲਾਂ ਤੇ ਜ਼ੋਰ ਹੈ ਕਿ ਇਹ ਅਵਸਥਾ ਤਾਂ ਪ੍ਰਭੂ ਨਾਲ ਸੰਬੰਧ ਬਣਨ ਨਾਲ ਪ੍ਰਾਪਤ ਹੁੰਦੀ ਹੈ । ਇਹ ਸੰਬੰਧ 'ਗੁਰੂ ਬਚਨ' ਨੂੰ ਸਮਝਣ ਨਾਲ ਪ੍ਰਾਪਤ ਹੋ ਸਕਦਾ ਹੈ—

'ਹੋਇ ਨਿਮਾਣੀ ਸੇਵ ਕਮਾਵਹਿ'
'ਸਾਧੂ ਬਚਨ ਉਧਾਰੀ ॥'
'ਚਰਣ ਪਖਾਰਿ ਕਰਉ ਗੁਰ ਸੇਵਾ'
'ਦਾਸਨ ਕੀ ਹੋਇ ਦਾਸਿ ਦਾਸਰੀ ॥'

ਭਾਵ ਗੁਰਬਾਣੀ ਨੂੰ ਸਮਝਣਾ ਹੈ, ਉਸ ਗਿਆਨ ਰਾਹੀਂ ਮਨੁੱਖ ਇਸ ਅਵਸਥਾ ਤੇ ਪੁਜਦਾ ਹੈ ।

(੩) ਗੁਰੂ ਦੀ ਸਿਖਿਆ, ਜਿਸ ਤੇ ਇਸ ਸ਼ਬਦ ਵਿਚ ਜ਼ੋਰ ਦਿੱਤਾ ਹੈ, ਇਹ ਹੈ ਕਿ 'ਕਾਮ, ਕ੍ਰੋਧ ਲੋਭੁ ਮੋਹੁ ਮਿਟਾਵੈ, ਛੁਟਕੈ ਦੁਰਮਤਿ ਅਪਨੀ ਧਾਰੀ,' 'ਹੋਇ ਨਿਮਾਣੀ ਸੇਵ ਕਮਾਵਹਿ', 'ਆਤਮ ਸੁਧੁ ਬਿਖੁ ਤਿਆਸ ਨਿਵਾਰੀ' ਤੇ 'ਆਗਿਆ ਮਾਨਿ' ਇਹ ਸਾਰਾ ਕੁਝ ਮੰਤ੍ਰ ਜੋ ਮਨੁੱਖ ਕਮਾ ਲਵੇ ਉਹ ਭਗਤੀ ਕਰ ਰਿਹਾ ਹੈ—'ਭਗਤਿ ਹੋਇ ਤੁਮ੍ਾਰੀ ॥' ਤਾਂ ਤੇ ਭਗਤੀ ਹੈ ਕੁਝ ਕਮਾਣਾ । ਉਹ ਕਮਾਈ ਤਦ ਹੋ ਸਕਦੀ ਹੈ ਜੇ ਮਨੁੱਖ ਕਾਮ, ਕ੍ਰੋਧ ਆਦਿ ਅਤੇ 'ਬਿਖ ਤਿਆਸ' ਤੋਂ ਸ਼ੁੱਧ ਹੋਵੇ—'ਆਤਮ ਸੁਧੁ' ਹੋਵੇ । ਕਾਮ ਵਿਚ ਪਰ ਤਨ 'ਤੇ ਕਬਜੇ ਦੀ ਇੱਛਾ ਹੈ; ਕ੍ਰੋਧ ਵਿਚ ਆਪਣਾ ਮਤ ਮਨਾਉਣ ਦੀ ਇੱਛਾ ਹੈ ਅਤੇ ਦੂਜੇ ਨੂੰ ਘਟੀਆ ਸਮਝਣ ਦੀ ਗੁਸਤਾਖੀ ਹੈ; ਲੋਭ ਵਿਚ ਦੂਜੇ ਦੇ ਧਨ ਦੀ ਇੱਛਾ ਹੈ, ਮੋਹ ਵਿਚ ਕੁੰਬਾ ਪਰਵਰੀ ਲਈ ਦੂਜਿਆਂ ਨਾਲ ਅਨਿਆਂ ਤੇ ਧੱਕਾ ਕਰਨਾ ਹੈ; ਹੰਕਾਰ ਵਿਚ ਆਪਣੇ ਆਪ, ਆਪਣੇ ਦੇਸ਼, ਕੌਮ, ਜ਼ਾਤ ਰੰਗ, ਸਭਿਆਚਾਰ ਦਾ ਇਹ ਮਾਣ ਹੈ ਕਿ ਇਹ ਦੂਜਿਆਂ ਨਾਲੋਂ ਵਧੀਆ ਹਨ, ਬਿਖੁ ਤਿਆਸ ਵਿਚ ਆਪਹੁਦਰੀਆਂ ਘਟੀਆ ਰੁਚੀਆਂ ਹਨ । ਇਸ ਸਭ ਵਤੀਰੇ ਨੂੰ ਸ਼ੁੱਧ ਕਰਨਾ ਹੈ । ਇਹ ਸ਼ੁੱਧ ਤਦ ਹੀ ਹੋ ਸਕਦਾ ਹੈ ਜੇ ਇਹਨਾਂ ਦੇ ਉਲਟ ਦਇਆ, ਧਰਮ, ਸੁੱਚ ਦਾ ਵਤੀਰਾ ਪੈਦਾ ਹੋਵੇ, ਨਿਮਰਤਾ ਹਿਰਦੇ ਵਿਚ ਉਪਜੇ । ਇਹ ਸਭ ਕੁਝ ਨਾਮ ਭਗਤੀ ਨਾਲ ਹੋ ਸਕਦਾ ਹੈ । ਇਹ ਗੁਰਮਤਿ ਦਾ ਮਾਰਗ ਹੈ । ਗ਼ਲਤ ਵਤੀਰਾ ਦੁਰਮਤ ਹੈ; ਸ਼ੁੱਧ ਵਤੀਰਾ ਗੁਰਮਤਿ ਹੈ । ਤਾਂ ਤੇ ਨਾਮ ਦਾ

ਸਰੂਪ ਸ਼ਖ਼ਸੀਅਤ ਦੇ ਉੱਚੇ ਤੇ ਸੁੱਚੇ ਗੁਣ ਹੀ ਹੋਇਆ। ਇਹ ਸ਼ਖ਼ਸੀਅਤ ਪੈਦਾ ਹੋ ਜਾਏ ਤਾਂ 'ਪ੍ਰੀਤਮ ਹੋਵਹਿ ਮਨਿ ਪਿਆਰੀ', 'ਦੂਖ ਭੂਖ ਮਿਟੈ ਤੇਰੋ ਸਹਸਾ', 'ਸੁਖ ਪਾਵਹਿ' 'ਪਾਵਹਿ ਸੋਭਾ ਹਰਿ ਦੁਆਰੀ' ਤੇ 'ਭਉਜਲੁ ਪਾਰਿ ਉਤਾਰੀ' ਹੋਣਾ ਹੈ।

---

ਆਸਾ ਮਹਲਾ ੫

੧੦

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ਰਹਾਉ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥
ਸਰਣਿ ਪਰੇ ਕੀ ਰਾਖਹੁ ਸਰਮਾ ॥ ੨ ॥ ੨੯ ॥

(੧) ਇਸ ਸ਼ਬਦ ਵਿਚ ਬਹੁਤਾ ਬਲ ਇਸ ਖ਼ਿਆਲ ਤੇ ਹੈ ਕਿ ਮਨੁੱਖੀ ਜੀਵਨ ਬੜਾ ਕੀਮਤੀ ਮੌਕਾ ਹੈ। ਕੀਮਤੀ ਇਸ ਲਈ ਹੈ ਕਿ ਇਸ ਰੂਪ ਵਿਚ ਸਮਰੱਥਾ ਰਖੀ ਗਈ ਹੈ ਕਿ ਮਨੁੱਖ ਪਰਮਾਤਮਾ ਨਾਲ ਮਿਲ ਸਕੇ—'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ', ਉਹ ਆਪਣੇ ਮੰਤਵ ਨੂੰ ਪ੍ਰਾਪਤ ਹੋ ਜਾਏ ਅਤੇ ਮੰਤਵ ਇਹ ਹੈ ਕਿ ਆਵਾਗਵਨ ਦੇ ਚੱਕਰ ਵਿਚੋਂ ਨਿਕਲ ਜਾਏ—'ਸਰੰਜਾਮਿ ਲਾਗੁ ਭਵਜਲ ਤਰਨ ਕੈ'। 'ਗੋਬਿੰਦ ਮਿਲਣ' ਜਾਂ 'ਭਵਜਲ ਤਰਨ' ਦਾ ਭਾਵ ਇਹ ਹੈ ਕਿ ਮਨੁੱਖ ਪੂਰਨਤਾ ਨੂੰ ਪ੍ਰਾਪਤ ਹੋਵੇ, ਉਸ ਵਿਚ ਕੋਈ ਦੋਖ ਨਾ ਰਹਿ ਜਾਏ, ਮਨੁੱਖ ਪੂਰਨ ਮਨੁੱਖ ਬਣ ਜਾਏ।

(੨) 'ਗੋਬਿੰਦ ਮਿਲਣ' ਤੇ 'ਭਵਜਲ ਤਰਨ' ਲਈ ਇਸ ਸ਼ਬਦ ਵਿਚ ਸਾਧਨ ਇਹ ਦੱਸਿਆ ਹੈ ਕਿ 'ਮਿਲੁ ਸਾਧ ਸੰਗਤਿ, ਭਜੁ ਕੇਵਲ ਨਾਮ'। ਮਨੁੱਖ ਗੁਰੂ ਦੀ ਸੰਗਤ ਵਿਚੋਂ ਸਿੱਖੇ ਕਿ ਨਾਮ ਜਪਣਾ ਹੈ। ਨਾਮ ਸਿਮਰਨ ਮਨੁੱਖ ਨੂੰ ਗੋਬਿੰਦ ਮਿਲਾ ਸਕਦਾ ਹੈ ਤੇ ਭਵਜਲ ਤੋਂ ਲੰਘਾ ਸਕਦਾ ਹੈ। ਨਾਮ ਮਨੁੱਖ ਨੂੰ ਪੂਰਨ ਮਨੁੱਖ ਬਣਾਉਂਦਾ ਹੈ, ਇਹੋ ਕਰਮ (ਨਾਮ ਜਪਣ ਦਾ) ਸਾਰੇ ਹੋਰ ਕਰਮਾਂ ਤੋਂ ਉੱਚਾ ਹੈ—'ਅਵਰਿ ਕਾਜ ਤੇਰੈ ਕਿਤੈ ਨ ਕਾਮ'।

ਨਾਮ ਸਿਮਰਨ ਦਾ ਸਰੂਪ ਕੀ ਹੈ? ਇਸ ਦਾ ਕੁਝ ਉੱਤਰ ਇਸ ਸਤਰ ਵਿਚੋਂ ਵੀ ਮਿਲਦਾ ਹੈ—

'ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥'

'ਜਪੁ' ਦਾ ਭਾਵ ਆਦਰਸ਼ਕ ਕੀਮਤਾਂ ਲਈ ਲਿਵ, ਸਦਾ ਉਹਨਾਂ ਦਾ ਧਿਆਨ ਰੱਖਣਾ ਕਿ ਇਸ ਆਦਰਸ਼ ਤੋਂ ਡਿੱਗਣਾ ਨਹੀਂ ਹੈ। ਉਹ ਆਦਰਸ਼ਕ ਕੀਮਤਾਂ ਦਇਆ, ਧਰਮੁ, ਪਵਿੱਤਰਤਾ, ਸਚਾਈ ਹੀ ਹਨ। 'ਤਪੁ' ਦਾ ਭਾਵ ਹੈ ਉਨ੍ਹਾਂ ਆਦਰਸ਼ਕ ਗੁਣਾਂ ਜਾਂ ਕੀਮਤਾਂ ਦੀ ਪ੍ਰਾਪਤੀ ਲਈ ਪੂਰਾ ਯਤਨ ਕਰਨਾ। 'ਸੰਜਮੁ' ਦਾ ਭਾਵ ਹੈ ਆਪਣੇ ਉਪਰ ਜ਼ਬਤ ਪੈਦਾ ਕਰਨਾ ਅਤੇ ਆਪਣੀਆ ਲੌੜਾਂ ਘਟਾਉਣੀਆਂ; 'ਧਰਮੁ' ਦਾ ਭਾਵ ਹੈ ਆਪਣੇ ਫ਼ਰਜ਼ ਦੀ ਪੂਰਤੀ ਕਰਨੀ ਅਤੇ ਦਇਆ ਤੇ ਸੰਤੋਖ ਵਿਚ ਕਾਇਮ ਰਹਿਣਾ; ਸੇਵਾ ਸਾਧ ਦਾ ਭਾਵ ਹੈ ਚੰਗੇ ਲੋਕਾਂ ਦਾ ਸਤਿਕਾਰ ਭਾਵ ਚੰਗਿਆਈ, ਨੇਕੀ, ਪ੍ਰੇਮ ਦਾ ਸਤਿਕਾਰ ਕਰਨਾ; 'ਹਰੀ' ਨੂੰ ਜਾਨਣ ਦਾ ਭਾਵ ਹੈ ਉੱਤਮ ਕੀਮਤਾਂ ਦਾ ਗਿਆਨ। ਇਹ ਸਭ ਕੁਝ ਕਮਾਉਣਾ ਹੀ ਨਾਮ ਸਿਮਰਨ ਹੈ। ਸੋ ਨਾਮ ਕੁਝ ਸ਼ਖ਼ਸੀਅਤ ਦੇ ਗੁਣ ਹੀ ਸਿੱਧ ਹੁੰਦਾ ਹੈ।

(੩) ਇਕ ਹੋਰ ਸਤਰ ਵਿਚੋਂ ਵੀ 'ਨਾਮ' ਬਾਰੇ ਕੁਝ ਪਤਾ ਲੱਗ ਸਕਦਾ ਹੈ। ਸਤਰ ਹੈ—

'ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥'

ਨਾਮ ਨਾਲ ਸਫ਼ਲ ਹੋਣਾ ਹੈ। ਪਰ 'ਰੰਗ ਮਾਇਆ' ਕੋਈ ਐਸੀ ਚੀਜ਼ ਹੈ ਜੋ ਮਾਰਗ ਤੋਂ ਹਟਾ ਦਿੰਦੀ ਹੈ। ਮਾਇਆ ਦਾ ਰੰਗ ਹੈ ਸੰਸਾਰੀ ਪਦਾਰਥਾਂ ਦਾ ਮੋਹ; ਜਿਸ ਕਰਕੇ ਮਨੁੱਖ ਕਾਮੁ, ਕ੍ਰੋਧ, ਲੋਭੁ, ਮੋਹੁ ਤੇ ਹੰਕਾਰ ਦੇ ਕਰਮ ਕਰਦਾ ਹੈ। ਤਾਂ ਤੇ ਕਾਮਾਦਿਕ ਉਹ ਔਗੁਣ ਹਨ ਜੋ ਮਨੁੱਖ ਨੂੰ ਨਾਮ-ਮਾਰਗ ਤੋਂ ਹਟਾ ਦਿੰਦੇ ਹਨ। ਨਾਮ ਵਾਲੇ ਮਨੁੱਖ ਨੇ ਇਹਨਾਂ ਦੋਖਾਂ ਦਾ ਟਾਕਰਾ ਕਰਨਾ ਹੈ—ਦੁਰਮਤ ਹਰਨ ਕਰਨੀ ਹੈ। ਫਿਰ ਨਾਮ ਦਾ ਭਾਵ ਉਥੇ ਹੀ ਆਇਆ ਕਿ ਕੁਝ ਸ਼ਖ਼ਸੀਅਤ ਦੇ ਗੁਣ ਪੈਦਾ ਕਰਨੇ ਅਤੇ ਕੁਝ ਔਗੁਣ ਨਾਸ਼ ਕਰਨੇ। ਨਾਮ ਗੁਣ ਉਪਜਾਉਂਦਾ ਹੈ।

ਇਸ ਸਤਰ ਵਿਚੋਂ ਵੀ ਕੁਝ ਨਾਮ ਬਾਰੇ ਪਤਾ ਲਗਦਾ ਹੈ—'ਕਹੁ ਨਾਨਕ ਹਮ ਨੀਚ ਕਰੰਮਾ, ਸਰਣਿ ਪਰੇ ਕੀ ਰਾਖਹੁ ਸਰਮਾ ॥' 'ਨੀਚ ਕਰਮੀ' ਗੋਬਿੰਦ ਨੂੰ ਨਹੀਂ ਮਿਲ ਸਕਦਾ; 'ਨੀਚ ਕਰਮੀ' ਦੀ ਇੱਜ਼ਤ ਪ੍ਰਭੂ ਦਰਬਾਰ ਵਿਚ ਤੇ ਸੰਸਾਰ ਵਿਚ ਨਹੀਂ ਰਹਿ ਆਉਂਦੀ। ਉੱਤਮ ਕਰਮ ਹੀ ਨਾਮ ਵਾਲੇ ਕਰਮ ਹਨ—ਸਪਸ਼ਟ ਹੈ। ਉਹ ਕਰਮ ਜੋ ਮਨੁੱਖ ਦੀ ਸੱਚੀ ਇੱਜ਼ਤ ਪੈਦਾ ਕਰਦੇ ਹਨ। ਇਹ ਦਇਆ, ਧਰਮ, ਸੰਤੋਖ ਦੇ ਕਰਮ ਹੀ ਹੋ ਸਕਦੇ ਹਨ। ਇਹੋ ਨਾਮ ਦਾ ਸਰੂਪ ਹੈ। ਉੱਤਮ ਕਰਮ ਨਾਮ ਸਿਮਰਨ ਹਨ।

———

# ਸ੍ਰੀ ਗੁਰੂ ਤੇਗ਼ ਬਹਾਦਰ ਜੀ

## ਸੋਰਠਿ ਮਹਲਾ ੯

# ਸੋਰਠਿ ਮਹਲਾ ੯

੧.

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ ॥ ੧ ॥ ਰਹਾਉ ॥
ਕਰਿ ਸਾਧ ਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥ ੧ ॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ
ਜਾਤੁ ਅਉਸਰੁ ਬੀਤ ॥ ੨ ॥ ੧ ॥

ਇਸ ਸ਼ਬਦ ਦੇ ਪਰਮੁੱਖ ਵਿਚਾਰ ਇਸ ਤਰ੍ਹਾਂ ਹਨ :—

(੧) ਜੀਵਨ ਪ੍ਰਭੂ ਸਿਮਰਨ ਲਈ ਇਕ ਕੀਮਤੀ ਮੌਕਾ ਹੈ। ਸਿਮਰਨ ਬਿਨਾਂ ਇਹ ਮੌਕਾ ਨਿਸਫਲ ਜਾ ਰਿਹਾ ਹੈ :—

'ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥'

ਸਿਮਰਨ ਤੋਂ ਬਿਨਾਂ ਮਨੁੱਖ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ; ਭਾਵ ਮਨੁੱਖ ਜੀਵਨ ਵਿਚ ਕੋਈ ਐਸੀ ਸ਼ਖ਼ਸੀਅਤ ਨਹੀਂ ਪੈਦਾ ਕਰਦਾ ਜਿਸ ਕਰਕੇ ਲੋਕੀਂ ਉਸ ਨੂੰ ਸਰੀਰਕ ਮੌਤ ਮਗਰੋਂ ਯਾਦ ਰੱਖਣ। ਮੌਤ ਤਾਂ ਸਭ ਦੀ ਹੁੰਦੀ ਹੈ ਪਰ ਸਿਮਰਨ ਵਾਲੇ ਜੀਵ ਇੰਨੇ ਮਿੱਠੇ ਤੇ ਉੱਚੇ ਹੁੰਦੇ ਹਨ, ਇੰਨੇ ਪਰਉਪਕਾਰੀ ਤੇ ਚੰਗੇ ਹੁੰਦੇ ਹਨ ਕਿ ਲੋਕੀਂ ਮੌਤ ਮਗਰੋਂ ਵੀ ਉਹਨਾਂ ਨੂੰ ਯਾਦ ਕਰਦੇ ਹਨ। ਇਸ ਤਰ੍ਹਾਂ ਉਹ ਮੌਤ ਮਗਰੋਂ ਵੀ ਨਹੀਂ ਮਰਦੇ। ਕਈ ਲੋਕਾਂ ਦੀ ਅਰਦਾਸ ਹੁੰਦੀ ਹੈ; ਕਈਆਂ ਦੇ ਨਿਸ਼ਾਨ ਬਣਦੇ ਹਨ। ਇਹ ਲੋਕ ਮਰਦੇ ਨਹੀਂ।

(੨) ਜੋ ਲੋਕ ਨਹੀਂ ਮਰਦੇ, ਇਹ ਆਪਣੀ ਸ਼ਖ਼ਸੀਅਤ ਵਿਚ ਉਹ ਤਬਦੀਲੀ ਪੈਦਾ ਕਰਦੇ ਹਨ ਜਿਸ ਨੂੰ ਇਸ ਸ਼ਬਦ ਵਿਚ 'ਪਤਿਤ' ਤੋਂ 'ਪੁਨੀਤ' ਕਿਹਾ ਗਿਆ ਹੈ। ਇਹ ਲੋਕ ਬਹੁਤ ਪਵਿੱਤਰ ਹੋ ਜਾਂਦੇ ਹਨ ਜੋ ਸਿਮਰਨ ਕਰਦੇ ਹਨ। 'ਪੁਨੀਤ' ਹੋ ਜਾਣਾ ਹੀ ਇਸ 'ਅਉਸਰੁ' ਵਿਚ ਸਫ਼ਲ ਹੋ ਜਾਣਾ ਹੈ। 'ਪੁਨੀਤ' ਸ਼ਖ਼ਸੀਅਤ ਦਾ ਇਕ ਪੱਧਰ

ਹੈ। ਜੀਵਨ ਦਾ ਇਕ ਵਤੀਰਾ ਹੈ। ਤਾਂ ਤੇ ਸਿਮਰਨ ਦਾ ਫਲ ਜੀਵਨ ਦਾ ਪਵਿੱਤਰ ਵਤੀਰਾ ਪੈਦਾ ਹੋ ਜਾਣਾ ਹੈ।

(੩) ਇਸ ਪਵਿੱਤਰ ਵਤੀਰੇ ਦੇ ਇਥੇ ਤਿੰਨ ਸਿਧਾਂਤ ਦਿੱਤੇ ਹੋਏ ਹਨ ਜੋ ਪਰਮਾਤਮਾ ਦੇ ਇਸ ਸ਼ਬਦ ਵਿਚ ਦਿੱਤੇ ਤਿੰਨ ਨਾਵਾਂ ਵਿਚ ਸੁਰਖਸ਼ਤ ਕੀਤੇ ਗਏ ਹਨ। ਉਹ ਤਿੰਨ ਨਾਮ ਹਨ—ਰਾਮ, ਗੋਬਿੰਦ ਅਤੇ ਮਾਧੋ।

"ਰਾਮ" ਨਾਮ ਦਾ ਸਿਮਰਨ ਮਨੁੱਖ ਵਿਚ ਇਹ ਵਤੀਰਾ ਪੈਦਾ ਕਰਦਾ ਹੈ ਕਿ ਬ੍ਰਹਮ ਸਭ ਵਿਚ ਰਮਿਆ ਹੋਇਆ ਹੈ। ਇਸ ਲਈ ਸਾਰੇ ਜੀਵ ਬਰਾਬਰ ਹਨ ਅਤੇ ਇਕੋ ਜਿਹੇ ਸਤਿਕਾਰ ਦੇ ਹੱਕਦਾਰ ਹਨ। ਕੋਈ ਜੀਵ ਜਨਮ, ਰੰਗ, ਬੂ, ਰੂਪ, ਦੇਸ਼ ਸਭਿਆਚਾਰ, ਧਰਮ ਕਰਕੇ ਨੀਵਾਂ ਜਾਂ ਉੱਚਾ ਨਹੀਂ ਹੈ। ਆਤਮਾ ਸਭ ਵਿਚ ਹੈ। ਸੋ ਸਾਰੇ ਜੀਵ ਭਾਈ ਭਾਈ ਹਨ। ਇਹ ਸਿਧਾਂਤ ਉਜਾਗਰ ਸਿਮਰਨ ਦੁਆਰਾ ਹੁੰਦਾ ਹੈ। ਇਹ ਸਿਧਾਂਤ ਮਨੁੱਖੀ ਹਿਰਦੇ ਨੂੰ ਪਵਿੱਤਰ ਕਰਦਾ ਹੈ ਅਤੇ ਹਿਰਦੇ ਵਿਚ ਸਭ ਲਈ ਪ੍ਰੇਮ ਤੇ ਦਇਆ ਪੈਦਾ ਕਰਦਾ ਹੈ। ਇਹ ਨਾਮ ਹੈ।

"ਗੋਬਿੰਦ" ਵੀ ਨਾਮ ਹੈ ਅਤੇ ਇਸ ਦਾ ਸਿਮਰਨ ਮਨੁੱਖ ਵਿਚ ਇਹ ਸਿਧਾਂਤ ਦ੍ਰਿੜ੍ਹ ਕਰਦਾ ਹੈ ਕਿ ਪਰਮਾਤਮਾ ਹੀ ਸਾਰੀ ਧਰਤੀ ਦਾ ਸੁਆਮੀ ਹੈ ਅਤੇ ਉਸ ਦੀ ਪਾਲਣਾ ਕਰਨ ਵਾਲਾ ਹੈ। ਇਸ ਲਈ ਸਾਨੂੰ ਉਸ ਤੇ ਵਿਸ਼ਵਾਸ ਰਖਦਿਆਂ ਆਪੋ ਵਿਚ ਖੋਹ ਮੰਹੀ ਨਹੀਂ ਕਰਨੀ ਚਾਹੀਦੀ। ਉਸ ਮਾਲਕ ਨੇ ਸਭ ਨੂੰ ਰੋਜ਼ੀ ਪਹੁੰਚਾਣੀ ਹੈ। ਇਹ ਜੀਵਨ ਵਤੀਰਾ ਮਨੁੱਖਤਾ ਦਾ ਜੀਵਨ ਸੁਖਾਲਾ ਕਰ ਸਕਦਾ ਹੈ। ਇਹ ਵਤੀਰਾ ਨਾਮ ਸਿਮਰਨ ਦਾ ਫਲ ਹੋਣਾ ਚਾਹੀਦਾ ਹੈ। ਇਹ ਨਾਮ ਹੈ।

"ਮਾਧੋ" ਵੀ ਨਾਮ ਹੈ ਅਤੇ ਇਸ ਦਾ ਭਾਵ ਇਹ ਹੈ ਕਿ ਪਰਮਾਤਮਾ ਸਾਰੀ ਮਾਇਆ ਦਾ ਪਤੀ ਹੈ। ਸਾਨੂੰ "ਮਾਇਆ" ਦੀ ਚਮਕ ਵਿਚ ਜਾਂ ਦਾਤਾਂ ਵਿਚ ਲੱਗ ਕੇ "ਦਾਤਾਰ" ਨੂੰ ਨਹੀਂ ਵਿਸਾਰ ਦੇਣਾ ਚਾਹੀਦਾ, ਦਾਤਾਰ ਦਾਤਾਂ ਨਾਲੋਂ ਵਡੇਰਾ ਹੈ। ਉਸ ਨੂੰ ਭੁਲਾ ਕੇ ਦਾਤਾਂ ਵਿਚ ਲੱਗ ਜਾਣਾ ਅਕ੍ਰਿਤਘਣਤਾ ਹੈ ਅਤੇ ਅਕ੍ਰਿਤਘਣਤਾ ਹੀ "ਪਤਿਤ" ਜੀਵਨ ਹੈ। ਕ੍ਰਿਤਗਯਤਾ ਦਾ ਜੀਵਨ ਹੀ "ਪੁਨੀਤ" ਜੀਵਨ ਹੈ। ਮਾਇਆ ਦੇ ਰਸਾਂ ਵਿਚ ਲੰਪਟ ਨਾ ਹੋਣਾ ਹੀ ਨਾਮ ਸਿਮਰਨ ਦਾ ਫਲ ਹੋਣਾ ਚਾਹੀਦਾ ਹੈ। ਜੀਵਨ ਦਾ ਇਹ ਵਤੀਰਾ ਨਾਮ ਹੈ। ਇਹ ਹੈ :

> ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
> ਸ੍ਰਵਨ ਗੋਬਿਂਦ ਗੁਨੁ ਸੁਨਉ, ਅਰੁ ਗਾਉ ਰਸਨਾ ਗੀਤਿ ॥
> ਕਰਿ ਸਾਧ ਸੰਗਤਿ ਸਿਮਰੁ ਮਾਧੋ, ਹੋਹਿ ਪਤਿਤ ਪੁਨੀਤ ॥

(੪) ਇਹ ਜੀਵਨ ਵਤੀਰਾ ਸਿਮਰਨ, ਗੋਬਿੰਦ ਗੁਨ ਸੁਣਨ, ਰਸਨਾ ਗੀਤ ਗਾਉਣ ਅਤੇ ਕਰਿ ਸਾਧ ਸੰਗਤ ਨਾਲ ਪ੍ਰਾਪਤ ਹੁੰਦਾ ਹੈ। ਸਿਮਰਨ, ਬਾਣੀ ਵਿਚਾਰਨ, ਕੀਰਤਨ ਕਰਨ ਅਤੇ ਗੁਰੂ ਦੀ ਸੰਗਤ ਵਿਚੋਂ ਇਹ ਵਤੀਰਾ ਬਣਦਾ ਹੈ। ਬਾਣੀ ਪੜ੍ਹਨਾ, ਕੀਰਤਨ ਕਰਨਾ, ਨਿਤਨੇਮ ਕਰਨਾ, ਆਦਿ ਗੁਰੂ ਦੀ ਸੰਗਤ ਕਰਨਾ ਹੀ ਹਨ।

(੫) ਸੋ, ਨਾਮ ਸਿਮਰਨ ਦਾ ਫਲ ਤਾਂ ਪਵਿੱਤਰ ਜੀਵਨ ਹੀ ਹੈ। ਪਵਿੱਤਰਤਾ

ਵਤੀਰੇ ਵਿਚੋਂ ਹੀ ਪ੍ਰਗਟ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ। ਨਾਮ ਸਦਾਚਾਰ ਹੈ ਜੋ ਮਨੁੱਖ ਨੂੰ ਬੇ-ਮੁਹਤਾਜ ਤੇ ਸੁਤੰਤਰ ਕਰਦਾ ਹੈ ਅਤੇ ਮਨੁੱਖਤਾ ਨੂੰ ਪਿਆਰ ਤੇ ਬਰਾਬਰੀ ਦੇ ਰਿਸ਼ਤੇ ਵਿਚ ਪਰੋਂਦਾ ਹੈ।

---

## ਸੋਰਠਿ ਮਹਲਾ ੯

੨.

ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ
ਚੋਟੀ ਕਾਲਿ ਗਹੀ ॥ ੧ ॥ ਰਹਾਉ ॥
ਦਾਰਾ ਮੀਤ ਪੂਤ ਰਥ ਸੰਪਤਿ
ਧਨ ਪੂਰਨ ਸਭੁ ਮਹੀ ॥
ਅਵਰ ਸਗਲ ਮਿਥਿਆ ਏ ਜਾਨਉ
ਭਜਨੁ ਰਾਮੁ ਕੋ ਸਹੀ ॥ ੧ ॥
ਫਿਰਤ ਫਿਰਤ ਬਹੁਤੇ ਜੁਗ ਹਾਰਿਓ
ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ
ਸਿਮਰਤ ਕਹਾ ਨਹੀ ॥ ੨ ॥ ੨ ॥

ਇਸ ਸ਼ਬਦ ਵਿਚ ਪਰਮੁੱਖ ਵਿਚਾਰ ਇਹ ਹਨ :—

(੧) ਮਨੁੱਖਾ ਜਨਮ ਬੜਾ ਹੀ ਕੀਮਤੀ ਮੌਕਾ ਹੈ। ਸਾਰੀਆਂ ਜੂਨਾਂ ਵਿਚੋਂ ਕਈ ਜੁਗ ਵਿਕਾਸ ਕਰਦੇ ਕਰਦੇ ਮਨੁੱਖਾ ਜੂਨ ਪ੍ਰਾਪਤ ਹੁੰਦੀ ਹੈ। 'ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥'

(੨) ਇਹ ਮੌਕਾ ਮਨੁੱਖਾ ਜਨਮ ਦਾ ਕੀਮਤੀ ਇਸ ਲਈ ਹੈ ਕਿ ਇਸ ਜੂਨ ਰਾਹੀਂ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ—'ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥' ਇਹ 'ਮਿਲਨ ਕੀ ਬਰੀਆ' ਹੈ।

(੩) ਪਰ ਬਹੁਤੇ ਲੋਕਾਂ ਨੂੰ ਮਿਲਿਆ ਇਹ ਮੌਕਾ ਵੀ ਨਿਸਫਲ ਚਲਾ ਜਾਂਦਾ ਹੈ ਕਿਉਂਕਿ 'ਨਾ ਹਰਿ ਭਜੇ ਨ ਤੀਰਥ ਸੇਵੇ' ਭਜਨ ਨਹੀਂ ਕੀਤਾ ਅਤੇ ਤੀਰਥ ਨਹੀਂ ਸੇਵੇ।

(੪) ਮੌਕਾ ਗਵਾਚ ਜਾਣ ਤੇ ਪਛਤਾਵਾ ਲਗਦਾ ਹੈ :—

'ਮਨ ਕੀ ਮਨ ਹੀ ਮਾਹਿ ਰਹੀ ॥
ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥'

ਮੌਤ ਆ ਜਾਂਦੀ ਹੈ ਅਤੇ ਮਨੁੱਖ ਨੇ ਸਿਮਰਨ ਨਹੀਂ ਕੀਤਾ ਹੁੰਦਾ ਸਗੋਂ ਸਾਰਾ ਜੀਵਨ ਬੇਅਰਥ ਚੀਜ਼ਾਂ ਦੇ ਰਸਾਂ ਵਿਚ ਗਵਾ ਦਿੱਤਾ ਹੁੰਦਾ ਹੈ।

'ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭੁ ਮਹੀ ॥
ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥'

(੫) ਅਬਿਨਾਸੀ ਤੇ ਅਮੋਲਕ ਚੀਜ਼ ਕੇਵਲ ਹਰੀ ਨਾਮ ਦਾ ਸਿਮਰਨ ਹੈ, ਉਹ ਮਨੁੱਖ ਕਰਦਾ ਨਹੀਂ।

'ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥'

(੬) ਹੁਣ ਵਿਚਾਰ ਤਾਂ ਇਹ ਹੈ ਕਿ ਇਹ ਭਜਨ ਜਾਂ ਸਿਮਰਨ ਕੀ ਹੈ ਅਤੇ ਇਹ ਕਿਵੇਂ 'ਮਿਲਨ' ਕਰਾ ਸਕਦਾ ਹੈ ਕਿਉਂਕਿ ਇਹ ਜੀਵਨ 'ਮਿਲਨ ਕੀ ਬਰੀਆ' ਹੈ।

ਸਿਮਰਨ ਨਾਲ ਮਨੁੱਖ ਵਿਚ ਕੋਈ ਤਬਦੀਲੀ ਹੁੰਦੀ ਹੈ ਕਿ ਉਹ ਮਨੁੱਖ ਤੋਂ ਪਰਮਾਤਮਾ ਬਣ ਜਾਂਦਾ ਹੈ—ਇਹੋ ਮਿਲਾਪ ਹੈ।

ਮਿਲਾਪ ਅਵਸਥਾ ਸੱਚ ਦੇ ਧਾਰਨੀ ਹੋਣ ਦੀ ਅਵਸਥਾ ਹੈ, ਕਿਉਂਕਿ ਪਰਮਾਤਮਾ ਸੱਚ ਹੈ, ਆਦਿ ਤੇ ਜੁਗਾਦਿ ਸਚੁ ਹੈ। ਮਿਲਾਪ ਵਾਲੇ ਲੋਕਾਂ ਨੂੰ ਸੁਖਮਨੀ ਵਿਚ ਬ੍ਰਹਮ ਗਿਆਨੀ, ਸਾਧ ਤੇ ਸੰਤ ਕਿਹਾ ਹੈ। 'ਮੁੰਦਾ ਸੰਤੋਖੁ' ਵਾਲਾ ਜੋਗੀ ਵੀ ਮਿਲਾਪ ਵਾਲਾ ਹੈ। 'ਜਤੁ ਪਹਾਰਾ' ਵਾਲੇ ਸਾਰੇ ਗੁਣਾਂ ਵਾਲਾ ਮਨੁੱਖ ਹੀ ਮਿਲਾਪ ਵਾਲਾ ਮਨੁੱਖ ਹੈ। ਤਾਂ ਤੇ ਮਿਲਾਪ ਇਖ਼ਲਾਕੀ, ਸਦਾਚਾਰਕ ਤੇ ਆਤਮਕ ਪੱਧਰ ਹੈ, ਮਨੁੱਖੀ ਸ਼ਖ਼ਸੀਅਤ ਦਾ।

ਪਰਮਾਤਮਾ ਨੂੰ ਇਸ ਸ਼ਬਦ ਵਿਚ ਹੀ ਹਰਿ, ਤੀਰਥ ਤੇ ਰਾਮ ਕਰਕੇ ਮੰਨਿਆ ਹੈ। ਹਰਿ ਤੇ ਤੀਰਥ ਇਕੋ ਕੁਝ ਹੈ—ਹਰਿ ਸ਼ਿਵ ਹੈ ਅਤੇ ਤੀਰਥ ਗੰਗਾ ਹੈ। ਹਰਿ ਵਿਚੋਂ ਹੀ ਗੰਗਾ ਦਾ ਵਹਿਣ ਤੁਰਦਾ ਹੈ। ਹਰਿ-ਤੀਰਥ ਦਾ ਭਾਵ ਪਵਿੱਤਰਤਾ ਹੈ। ਜਦੋਂ ਮਨੁੱਖੀ ਮਨ ਸ਼ੁੱਧ ਹੋ ਜਾਂਦਾ ਹੈ ਤਾਂ ਅੰਤਰਗਤਿ ਤੀਰਥ ਬਣ ਜਾਂਦਾ ਹੈ। ਗੁਰੂ ਵੀ ਤੀਰਥ ਹੈ, ਬਾਣੀ ਦੀ ਪਵਿੱਤਰਤਾ ਤੀਰਥ ਹੈ। ਇਹ ਪਵਿੱਤਰਤਾ ਹੀ ਤੀਰਥ ਸੇਵਨ ਹੈ। ਮਨੁੱਖੀ ਮਨ, ਹਿਰਦੇ ਤੇ ਆਤਮਾ ਦੀ ਪਵਿੱਤਰਤਾ ਹੀ ਸਿਮਰਨ ਤੇ ਤੀਰਥ ਸੇਵਨ ਦਾ ਫਲ ਹੈ।

'ਰਾਮ' ਦਾ ਰੂਪ ਸਿਮਰਨਾ ਹੈ। 'ਰਾਮ'—ਆਕਾਸ਼ ਪਾਤਾਲ ਤੇ ਹਰ ਜੀਵ ਦੇ ਹਿਰਦੇ ਵਿਚ ਰਮਿਆ ਹੋਇਆ ਹੈ। ਇਕੋ ਸ਼ਕਤੀ ਸਰਬ-ਵਿਆਪੀ ਹੈ; ਇਸ ਲਈ ਸਾਰੇ ਜੀਵ ਇਕੋ ਜੋਤਿ ਦਾ ਪ੍ਰਕਾਸ਼ ਹਨ: ਇਸ ਲਈ ਸਾਰੇ ਸਤਿਕਾਰ ਦੇ ਹੱਕਦਾਰ ਹਨ। ਜੋ ਇਸ ਤਰ੍ਹਾਂ ਜੀਵਾਂ ਨੂੰ ਪਿਆਰਦਾ ਤੇ ਸਤਿਕਾਰਦਾ ਹੈ, ਉਹ ਰਾਮ ਸਿਮਰਨ ਕਰ ਰਿਹਾ ਹੈ।

ਪਰਤੱਖ ਹੈ ਕਿ ਸਿਮਰਨ ਨੇ ਮਨੁੱਖ ਨੂੰ ਹਰਿ, ਤੀਰਥ ਤੇ ਰਾਮ ਬਣਾ ਦੇਣਾ ਹੈ, ਸਿਫ਼ਤੀ ਸਿਫ਼ਤਿ ਸਮਾ ਜਾਣਾ ਹੁੰਦਾ ਹੈ। ਹਿਰਦੇ ਦੀ 'ਤੀਰਥ' ਵਾਲੀ ਦਸ਼ਾ ਹੀ ਸਿਮਰਨ ਹੈ। ਨਾਮ ਵਾਲਾ ਮਨੁੱਖ ਹਰਿ, ਤੀਰਥ ਤੇ ਰਾਮ ਦੇ ਟੀਚਿਆਂ ਅਨੁਸਾਰ ਹੀ ਪਰਖਿਆ ਜਾਏਗਾ।

ਨਾਮ ਸਿਮਰਨ—ਸਿਮਰਨ ਅਭਿਆਸ ਹੈ। ਇਸ ਦਾ ਫਲ ਹਿਰਦੇ ਦੀ ਪਵਿੱਤਰਤਾ ਹੈ। ਇਹੋ ਮਿਲਾਪ ਹੈ ਅਤੇ ਇਹੋ ਨਾਮ ਹੈ।

ਸੋ ਨਾਮ ਸਿਮਰਨ ਦੁਆਰਾ ਨਾਮ ਸ਼ਖ਼ਸੀਅਤ ਪ੍ਰਾਪਤ ਹੁੰਦੀ ਹੈ ਅਤੇ ਉਹ ਪਵਿੱਤਰਤਾ ਦੀ ਪੱਧਰ ਹੈ।

ਸੋਰਠਿ ਮਹਲਾ ੯

੩.

ਮਨ ਰੇ ਕਉਨੁ ਕੁਮਤਿ ਤੈ ਲੀਨੀ ॥
ਪਰਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ ॥
ਅੰਤਿ ਸੰਗਿ ਕਾਹੂ ਨਹੀ ਦੀਨਾ
ਬਿਰਥਾ ਆਪੁ ਬੰਧਾਇਆ ॥ ੧ ॥
ਨਾ ਹਰਿ ਭਜਿਓ ਨਾ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥ ੨ ॥
ਬਹੁਤੁ ਜਨਮੁ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ
ਨਾਨਕ ਬਾਤ ਬਤਾਈ ॥ ੩ ॥ ੩ ॥

ਇਸ ਸ਼ਬਦ ਵਿਚ ਪਰਮੁੱਖ ਖਿਆਲ ਇਹ ਦਿੱਤੇ ਹਨ :—

(੧) ਮਨੁੱਖਾ ਜਨਮ ਇਕ ਬੜੀ ਉੱਚੀ ਪਦਵੀ ਹੈ ਜੋ ਅਨੇਕ ਜਨਮਾਂ ਵਿਚੋਂ ਲੰਘਣ ਉਪਰੰਤ ਪ੍ਰਾਪਤ ਹੁੰਦੀ ਹੈ। ਜੀਵ ਅਨੇਕ ਜਨਮਾਂ ਵਿਚ ਫਿਰਦਾ ਰਹਿੰਦਾ ਹੈ ਕਿਉਂਕਿ ਉਸ ਨੂੰ ਸਮਝ ਨਹੀਂ ਹੁੰਦੀ ਕਿ ਮੁਕਤ ਪੰਥ ਕੀ ਹੈ ਅਤੇ ਕਿਵੇਂ ਮੁਕਤੀ ਪ੍ਰਾਪਤ ਹੋ ਸਕਦੀ ਹੈ।

ਬਹੁਤੁ ਜਨਮ ਭਰਮਤ ਤੈ ਹਾਰਿਓ
ਅਸਥਿਰ ਮਤਿ ਨਹੀ ਪਾਈ ॥

'ਅਸਥਿਰ ਮਤਿ' ਉਹ ਸਚਾਈ ਹੈ ਜੋ ਸਦਾ ਸਚਾਈ ਰਹੇ; 'ਅਸਥਿਰ ਮਤਿ' ਉਹਨਾਂ ਅਸੂਲਾਂ ਅਤੇ ਕੀਮਤਾਂ ਦਾ ਗਿਆਨ ਹੈ ਜੋ ਸਦੀਵੀ ਹਨ ਅਤੇ ਸਦਾ ਸਤਿਕਾਰੇ ਜਾਂਦੇ ਹਨ।

(੨) ਧਨ ਜੋੜਨ ਮਾਤਰ ਲਈ ਮਤਿ ਅਸਥਿਰ ਮਤਿ ਨਹੀਂ ਹੈ ਸਗੋਂ ਮੁਕਤਿ ਪਦ ਤੀਕ ਲੈ ਜਾਣ ਦਾ ਅਸੂਲ ਹੀ ਅਸਥਿਰ ਮਤਿ ਹਨ।

ਮੁਕਤਿ ਪੰਥੁ ਜਾਨਿਓ ਤੈ ਨਾਹਨਿ
ਧਨ ਜੋਰਨ ਕਉ ਧਾਇਆ ॥

ਸਪਸ਼ਟ ਹੈ ਤੇ ਗੁਰੂ ਸਾਹਿਬ ਦਾ ਨਿਰਨਾ ਵੀ ਹੈ ਕਿ ਪਾਪਾਂ ਬਾਝੋਂ ਧਨ ਨਹੀਂ ਹੁੰਦਾ ਅਤੇ 'ਮਾਇਆ' ਨਾਲ ਵੀ ਨਹੀਂ ਜਾਂਦੀ। ਤਾਂ ਤੇ ਅਸਥਿਰ ਮਤਿ ਉਹ ਅਸੂਲ

ਹਨ ਜੋ ਮਨੁੱਖ ਨੂੰ ਪਾਪਾਂ ਦਾ ਭਾਗੀ ਨਹੀਂ ਬਣਾਉਂਦੇ, ਜੋ ਮਨੁੱਖ ਨੂੰ ਧਨ ਦੀ ਗ਼ੁਲਾਮੀ ਤੋਂ ਸੁਤੰਤਰ ਕਰਦੇ ਹਨ। ਮਨੁੱਖ ਧਨ ਦੀ ਖ਼ਾਤਰ ਠੱਗੀ, ਪਾਪ, ਬੁਰਾਈ, ਹੱਕ ਪਰਾਇਆ ਮਾਰਨਾ ਨਹੀਂ ਕਰ ਸਕਦਾ। ਤਾਂ ਤੇ ਅਸਥਿਰ ਮਤਿ ਉਹ ਅਸੂਲ ਹਨ ਜੋ ਮਨੁੱਖ ਵਿਚ ਪਵਿੱਤਰਤਾ ਤੇ ਸਚਾਈ ਪੈਦਾ ਕਰਦੇ ਹਨ ਅਤੇ ਉਸ ਵਿਚ ਸਚਾਈ ਤੇ ਕਾਇਮ ਰਹਿਣ ਦੀ ਜੁਰਅਤ ਪੈਦਾ ਕਰਦੇ ਹਨ। ਇਹ ਮੁਕਤੀ ਦਾ ਰਸਤਾ ਹਨ—ਇਹ ਅਸੂਲ।

(੩) 'ਮੁਕਤਿ ਪੰਥੁ' ਅਤੇ 'ਅਸਥਿਰ ਮਤਿ' ਮਨੁੱਖ ਨੂੰ 'ਪਰਦਾਰਾ' ਅਤੇ ਨਿੰਦਾ ਤੋਂ ਹਟਾਉਂਦੇ ਹਨ। ਪਰਦਾਰਾ ਦਾ ਧਿਆਨ ਅਤੇ ਨਿੰਦਾ ਕੁਮਤਿ ਹਨ, ਅਸਥਿਰ ਮਤਿ ਨਹੀਂ।

ਮਨ ਰੇ ਕਉਨੁ ਕੁਮਤਿ ਤੈ ਲੀਨੀ ॥
ਪਰਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ ॥

ਪਰਦਾਰਾ ਕਾਮ-ਵਸ ਹੋਣਾ ਹੈ, ਪਰਨਿੰਦਾ ਈਰਖਾ-ਵਸ ਹੋਣਾ ਹੈ। ਪਰਨਿੰਦਾ ਹੰਕਾਰੀ ਹਉਮੈ ਵਾਲਾ ਹੀ ਕਰ ਸਕਦਾ ਹੈ। ਪਰਨਿੰਦਕ ਮਾਨਵ-ਦੋਖ਼ੀ ਹੀ ਹੋ ਸਕਦਾ ਹੈ, ਇਸ ਨੂੰ ਮਨੁੱਖਾਂ ਨਾਲ ਪਿਆਰ ਨਹੀਂ ਹੋ ਸਕਦਾ। ਪਰਦਾਰਾ ਦਾ ਧਿਆਨ ਕਰਨ ਵਾਲਾ ਸਮਾਜ-ਦੋਖ਼ੀ ਹੈ, ਇਸ ਨੂੰ ਸਮਾਜ ਦੇ ਕਾਨੂੰਨ ਦਾ ਸਤਿਕਾਰ ਨਹੀਂ ਹੈ। ਇਸ ਦਾ ਮਨ ਤੇ ਕਾਬੂ ਨਹੀਂ ਹੈ। ਇਹ ਸਭ 'ਕੁਮਤਿ' ਹੈ।

(੪) 'ਅਸਥਿਰ ਮਤਿ' ਉਪਜਦੀ ਹੈ ਗੁਰੂ ਦੀ ਸੇਵਾ ਦੁਆਰਾ: ਸਿਮਰਨ ਦੁਆਰਾ—

ਨਾ ਹਰਿ ਭਜਿਓ ਨਾ ਗੁਰ ਜਨੁ ਸੇਵਿਓ
ਨਹ ਉਪਜਿਓ ਕਛੁ ਗਿਆਨਾ ॥

ਜਿਉਂ ਜਿਉਂ ਮਨੁੱਖ ਸਿਮਰਨ ਕਰਦਾ ਹੈ, ਉਹ ਗਿਆਨਵਾਨ ਹੁੰਦਾ ਹੈ। ਜਿਉਂ ਜਿਉਂ ਮਨੁੱਖ ਗਿਆਨਵਾਨ ਹੁੰਦਾ ਹੈ, ਉਹ 'ਪਰਦਾਰਾ', 'ਨਿੰਦਾ' ਅਤੇ 'ਧਨ ਜੋੜਨ' ਤੋਂ ਮੁਕਤ ਹੁੰਦਾ ਹੈ ਇਸ ਕਰਕੇ ਉਹ ਬੁਰਾਈ, ਝੂਠ ਅਤੇ ਪਾਪ ਤੋਂ ਵੀ ਮੁਕਤ ਹੁੰਦਾ ਹੈ।

(੫) ਇਹੋ ਅਵਸਥਾ ਹੈ ਹਿਰਦੇ ਵਿਚੋਂ ਪਰਮਾਤਮਾ ਨੂੰ ਲੱਭ ਲੈਣ ਦੀ—

ਘਟ ਹੀ ਮਾਹਿ ਨਿਰੰਜਨੁ ਤੇਰੈ
ਤੈ ਖੋਜਤ ਉਦਿਆਨਾ ॥

ਪਰਮਾਤਮਾ ਹਿਰਦੇ ਵਿਚ ਹੀ ਹੈ। ਹਿਰਦੇ ਵਿਚ ਉਹ ਸ਼ਕਤੀ ਹੈ ਜੋ ਮਨੁੱਖ ਨੂੰ ਸਚਾਈ ਅਤੇ ਪਵਿੱਤਰਤਾ ਵਿਚ ਕਾਇਮ ਕਰ ਸਕਦੀ ਹੈ ਅਤੇ ਉਸ ਨੂੰ 'ਪਰਦਾਰਾ', 'ਨਿੰਦਾ' ਅਤੇ ਤ੍ਰਿਸ਼ਨਾ (ਧਨ ਜੋੜਨ) ਤੋਂ ਮੁਕਤ ਕਰ ਸਕਦੀ ਹੈ।

(੬) ਹਿਰਦੇ ਵਿਚ ਲੁੱਕੀ ਨਿਰੰਜਨ ਸ਼ਕਤੀ ਸਿਮਰਨ ਨਾਲ ਜਾਗਦੀ ਹੈ ਤੇ ਉਭਰਦੀ ਹੈ।

'ਪਰਦਾਰਾ ਨਿੰਦਿਆ ਰਸ ਰਚਿਓ
ਰਾਮ ਭਗਤਿ ਨਹਿ ਕੀਨੀ ॥'

ਪਰ ਮਨੁੱਖ ਉਹ ਹੀ ਹੈ ਜੋ—

'ਮਾਨਸ ਦੇਹ ਪਾਇ ਪਦ ਹਰਿ
ਭਜੁ ਨਾਨਕ ਬਾਤ ਬਤਾਈ ॥'

(੭) ਸੋ, ਸਿਮਰਨ ਜਾਂ ਭਗਤੀ, ਮਨੁੱਖ ਨੂੰ ਪਰਦਾਰਾ, ਨਿੰਦਾ ਅਤੇ ਤ੍ਰਿਸ਼ਨਾ ਤੋਂ ਸੁਤੰਤਰ ਕਰਦਾ ਹੈ, ਮਨੁੱਖ ਅੰਦਰ ਸਹੀ ਗਿਆਨ ਜਾਂ ਸੋਝੀ ਪੈਦਾ ਕਰਦਾ ਹੈ ਅਤੇ ਮਨੁੱਖ ਨੂੰ ਇਸ ਤਰ੍ਹਾਂ ਮੁਕਤ ਕਰਦਾ ਹੈ। ਸਿਮਰਨ ਦਾ ਫਲ ਸ਼ਖ਼ਸੀਅਤ ਦਾ ਉਹ ਪੱਧਰ ਹੈ ਜੋ ਕਾਮ, ਲਾਲਚ ਅਤੇ ਹਉਮੈ ਵਿਚ ਡੋਲਦਾ ਨਹੀਂ ਹੈ।

———

## ਸੋਰਠਿ ਮਹਲਾ ੯.

### ੪.

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਕਾ ਸੀ ਉਧਰੀ, ਤਾ ਕੋ ਜਸੁ ਉਰਧਾਰੋ ॥ ੧ ॥ ਰਹਾਉ ॥
ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ, ਅਰ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ, ਤੈ ਕਾਹੇ ਬਿਸਰਾਇਆ ॥ ੧ ॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ, ਗਜ ਗਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ, ਰਾਮ ਕਹਤ ਬੰਧਨ ਤਿਹ ਤੂਟਾ ॥ ੨ ॥
ਅਜਾਮਲੁ ਪਾਪੀ ਜਗੁ ਜਾਨੇ, ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤਿ ਚਿੰਤਾਮਨਿ, ਤੈ ਭੀ ਉਤਰਹਿ ਪਾਰਾ ॥ ੩ ॥ ੪ ॥

ਇਸ ਸ਼ਬਦ ਵਿਚ ਇਹ ਵਿਚਾਰ ਅੰਕਤ ਹਨ :—

(੧) ਜੀਵਨ ਸਫ਼ਲਤਾ ਨੂੰ ਇਸ ਸ਼ਬਦ ਵਿਚ ਪਾਰ ਉਤਰਹਿ ਮੰਨਿਆ ਹੈ। ਪਾਰ ਕਿਸੇ ਸਾਗਰ ਜਾਂ ਦਰਿਆ, ਨਦੀ ਤੋਂ ਉਤਰਦੇ ਹਨ। ਜੀਵਨ ਤੇ ਸੰਸਾਰ ਨੂੰ ਸਾਗਰ ਵੀ ਮੰਨਿਆ ਹੋਇਆ ਹੈ—ਭਉਜਲ। ਇਹ ਸਾਗਰ ਅਸਲ ਵਿਚ ਮਨੁੱਖੀ ਹਿਰਦਾ ਹੈ ਜਿਸ ਵਿਚ ਆਸਾ, ਤ੍ਰਿਸ਼ਨਾ, ਕਾਮ-ਕ੍ਰੋਧ ਆਦਿ ਦੇ ਤਰੰਗ ਉਠਦੇ ਰਹਿੰਦੇ ਹਨ। ਜੇ ਮਨੁੱਖ ਇਹਨਾਂ ਤਰੰਗਾਂ ਉਤੋਂ ਦੀ ਲੰਘ ਜਾਏ, ਉਸ ਦਾ ਬੇੜਾ ਪਾਰ ਹੁੰਦਾ ਹੈ, ਉਹ ਆਪ ਪਾਰ ਉਤਰਦਾ ਹੈ।

ਜੀਵਨ ਦਾ ਕੋਈ ਉਚੇਚਾ ਮੰਤਵ ਹੈ, ਉਸ ਨੂੰ ਆਮ ਕਰਕੇ ਆਵਾਗਵਨ ਵਿਚੋਂ ਨਿਕਲਣਾ ਕਿਹਾ ਹੋਇਆ ਹੈ। ਇਹ ਵੀ ਇਸੇ ਮਨ ਦੇ ਸਾਗਰ ਵਿਚੋਂ ਪਾਰ ਹੋਣਾ ਹੀ ਹੈ।

ਸੰਸਾਰ ਨੂੰ ਅੱਗ ਦਾ ਸਾਗਰ ਮੰਨਿਆ ਹੋਇਆ ਹੈ, ਜਿਸ ਵਿਚ ਹੰਸ, ਹੇਤ, ਲੋਭ, ਕੋਪੁ ਦੀਆਂ ਨਦੀਆਂ ਚੱਲ ਰਹੀਆਂ ਹਨ, ਜਿਥੇ ਪਾਣੀ ਦੀ ਥਾਂ ਪਾਵਕ ਹੈ। ਇਸ ਸਾਗਰ ਨੂੰ ਪਾਰ ਕਰਨਾ ਹੈ।

ਭਾਵ, ਜੀਵਨ ਨੂੰ ਉੱਚੇ ਪੱਧਰ ਤੇ ਸਫਲਤਾ ਨਾਲ ਨਿਭਾਉਣ ਦਾ ਨਾਮ ਹੀ ਪਾਰ ਉਤਰਨਾ ਹੈ।

(੨) ਇਹ 'ਪਾਰ ਉਤਾਰਾ' ਸਿਮਰਨ ਤੇ 'ਚੇਤਿ ਚਿੰਤਾ ਮਨਿ' ਦੁਆਰਾ ਹੋਣਾ ਹੈ। ਨਾਮ ਹੀ ਮਨੁੱਖ ਦੇ ਸਾਰੇ ਬੰਧਨ ਤੋੜ ਸਕਦਾ ਹੈ—

'ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥'

ਮਨੁੱਖ ਦੇ ਬੰਧਨਾਂ ਦੇ ਰੂਪ ਵੀ ਮਨੁੱਖੀ ਹਿਰਦੇ ਵਿਚ ਵਗਦੇ ਤਰੰਗ ਹੀ ਹਨ—ਕਾਮਾਦਿਕ ਦੇ ਤਰੰਗ।

(੩) ਮਨ ਅੰਦਰ ਚੱਲਣ ਵਾਲੇ ਤਰੰਗਾਂ ਦੇ ਸੰਕੇਤ ਹਨ ਗਨਕਾ, ਧ੍ਰੂਅ, ਗਜ ਤੇ ਅਜਾਮਲੁ। ਇਹਨਾਂ ਸਾਰਿਆਂ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਹਨ ਅਤੇ ਨਾਲ ਸਪਸ਼ਟ ਕੀਤਾ ਹੈ ਕਿ ਇਹ ਲੋਕ ਨਾਮ ਸਿਮਰਨ ਦੁਆਰਾ ਹੀ 'ਪਾਰ ਉਤਰੇ' ਅਤੇ ਜੀਵਨ ਮੰਤਵ ਨੂੰ ਪ੍ਰਾਪਤ ਹੋਏ।

ਗਨਕਾ ਤੇ ਅਜਾਮਲ ਕਾਮ ਦਾ ਚਿੰਨ੍ਹ ਹਨ। ਗਨਕਾ ਵੇਸਵਾ ਸੀ, ਅਜਾਮਲ ਵੇਸਵਾ-ਗਾਮੀ ਸੀ। ਨਾਮ ਨੇ ਗਨਕਾ ਨੂੰ ਨਿਰਮਲ ਕੀਤਾ ਅਤੇ ਉਹ ਸਵਰਗ ਦੀ ਭਾਗੀ ਬਣੀ। ਅਜਾਮਲ ਨੂੰ ਨਾਰਾਇਣ ਸਿਮਰਨ ਨੇ ਨਿਰਮਲ ਕੀਤਾ, ਉਹ ਵੀ ਪਾਪਾਂ ਦੇ ਬੰਧਨ ਤੋਂ ਮੁਕਤ ਹੋਇਆ।

ਧ੍ਰੂਅ ਦੇ ਹਿਰਦੇ ਵਿਚ ਰਾਜ ਦੀ ਇੱਛਾ ਉਪਜੀ, ਮਤਰੇਈ ਦੇ ਵਤੀਰੇ ਤੋਂ ਉਸ ਦੇ ਹਿਰਦੇ ਵਿਚ ਗਿਲਾਨੀ ਵੀ ਉਪਜੀ। ਪਰ ਸਿਮਰਨ ਨੇ ਉਸ ਦਾ ਹਿਰਦਾ ਇਤਨਾ ਨਿਰਮਲ ਕਰ ਦਿੱਤਾ ਕਿ ਉਸ ਵਿਚ ਰਾਜ ਦੀ ਲਾਲਸਾ ਵੀ ਨਾ ਰਹੀ ਅਤੇ ਉਹ ਸਭ ਨੂੰ ਖਿਮਾ ਕਰਨ ਦੇ ਸਮਰੱਥ ਵੀ ਹੋ ਗਿਆ। ਉਸ ਨੇ ਬਾਲ ਬੁਧ ਵਿਚ ਭਗਤੀ ਕੀਤੀ ਜਿਸ ਕਰਕੇ ਉਸ ਦਾ ਦਰਜਾ ਭਗਤੀ ਦੇ ਮੰਡਲ ਵਿਚ ਅਟੱਲ ਹੈ। ਉਹ ਸਦਾ ਹੀ ਭਗਤਾਂ ਵਿਚੋਂ ਸ਼ਰੋਮਣੀ ਗਿਣਿਆ ਜਾਂਦਾ ਰਹੇਗਾ।

ਗਜ ਆਪ ਸਰਾਪ ਦਾ ਗ੍ਰਸਿਆ ਹੋਇਆ ਸੀ। ਕਿਸੇ ਵਾਸ਼ਨਾ ਅਧੀਨ ਉਸ ਨੂੰ ਸਰਾਪ ਮਿਲਿਆ। ਸਿਮਰਨ ਦੀ ਸਹਾਇਤਾ ਨਾਲ ਉਹ ਸਰਾਪ ਤੋਂ ਮੁਕਤ ਹੋਇਆ। ਤੰਦੂਏ ਤੋਂ ਉਹ ਮੁਕਤ ਹੋਇਆ। ਤੰਦੂਆ ਹੀ ਵਾਸ਼ਨਾਵਾਂ ਦਾ ਚਿੰਨ੍ਹ ਹੈ ਜੋ ਮਨੁੱਖ ਨੂੰ ਜਕੜੀ ਬੈਠੀਆਂ ਹਨ।

ਸੋ ਨਾਮ ਸਿਮਰਨ ਮਨੁੱਖ ਨੂੰ ਕਾਮ (ਗਨਕਾ, ਅਜਾਮਲ), ਕ੍ਰੋਧ-ਦੁਖ (ਧ੍ਰੂਅ) ਤੇ ਵਾਸ਼ਨਾਵਾਂ (ਗਜ) ਤੋਂ ਸੁਤੰਤਰ ਕਰ ਸਕਦਾ ਹੈ। ਨਾਮ ਸਿਮਰਨ ਨੇ ਮਨੁੱਖ ਨੂੰ ਇਹ ਮਾਨਸਕ ਪੱਧਰ ਦੇਣਾ ਹੈ ਕਿ ਉਹ ਮਾਨਸਕ ਤਰੰਗਾਂ ਤੋਂ ਪਾਰ ਹੋ ਸਕੇ ਅਤੇ ਬੰਧਨਾਂ ਤੋਂ ਸੁਤੰਤਰ ਹੋ ਸਕੇ। ਤੰਦੂਏ ਨੇ ਸਭ ਨੂੰ ਪਕੜਿਆ ਹੋਇਆ ਹੈ ਜਿਵੇਂ ਗਜ ਪਕੜਿਆ ਹੋਇਆ ਸੀ। ਨਾਮ ਮਨੁੱਖ ਨੂੰ ਬੰਧਨਾਂ ਤੋਂ ਮੁਕਤ ਕਰਦਾ ਹੈ। ਇਹੋ ਮੁਕਤੀ ਹੈ, ਇਹੋ ਆਵਾਗਵਨ ਵਿਚੋਂ ਨਿਕਲਣਾ ਹੈ, ਇਹੋ ਬੇੜੇ ਦਾ ਪਾਰ ਉਤਾਰਾ ਹੈ।

(੩) ਨਾਮ ਮਨੁੱਖ ਦਾ ਨਿਸਤਾਰਾ ਥੋੜ੍ਹੇ ਸਮੇਂ ਵਿਚ ਕਰ ਦਿੰਦਾ ਹੈ—'ਨਿਮਖ

ਮਾਹਿ ਨਿਸਤਾਰਾ'। ਨਾਮ ਨੇ ਸਿਰਫ਼ ਮਨੁੱਖੀ ਵਿਚਾਰਧਾਰਾ ਦਾ ਕਾਂਟਾ ਬਦਲਣਾ ਹੈ। ਗਨਕਾ; ਅਜਾਮਲ ਤੇ ਗਜ (ਹਾਥੀ)—ਬੜੇ ਹੀ ਸ਼ਕਤੀਵਾਨ ਸਨ, ਕੇਵਲ ਉਹਨਾਂ ਦੀ ਸ਼ਕਤੀ ਗ਼ਲਤ ਪਾਸੇ ਪਈ ਹੋਈ ਸੀ। ਜਦੋਂ ਨਾਮ ਨੇ ਉਹਨਾਂ ਨੂੰ ਨਵਾਂ ਪੰਧ ਦਿਖਾਇਆ ਤਾਂ ਉਤਨੀ ਹੀ ਸ਼ਕਤੀ ਤੇ ਤੇਜ਼ੀ ਨਾਲ ਉਹ ਨਾਮ-ਜੀਵਨ ਵੱਲ ਵਧੇ ਅਤੇ ਬੜੀ ਛੇਤੀ ਹੀ ਉਨਤੀ ਕਰ ਗਏ।

(੪) ਨਾਮ ਸਿਮਰਨ ਪ੍ਰਭੂ-ਸ਼ਰਣ ਲੈਣਾ ਹੈ, ਪ੍ਰਭੂ ਚਰਨਾਂ ਵਿਚ ਪਨਾਹ ਲੈਣਾ ਹੈ। ਨਾਮ ਵਾਲਾ ਪ੍ਰਭੂ ਬੜਾ ਹੀ ਬਲਵਾਨ ਹੈ, ਉਸ ਦਾ ਨਾਮ ਮਨੁੱਖੀ ਹਿਰਦੇ ਨੂੰ ਬਲ ਦਿੰਦਾ ਅਤੇ ਮਨੁੱਖ ਅੰਦਰ ਤਾਕਤ ਪੈਦਾ ਹੋ ਜਾਂਦੀ ਹੈ ਜਿਸ ਕਰਕੇ ਕਾਮਾਦਿਕ ਤੇ ਆਸ਼ਾ ਤ੍ਰਿਸ਼ਨਾ ਦੇ ਤਰੰਗ ਉਸ ਨੂੰ ਆਪਣੇ ਵੇਗ ਨਾਲ ਰੋੜ੍ਹ ਕੇ ਲੈ ਜਾ ਨਹੀਂ ਸਕਦੇ। ਨਾਮ ਹਿਰਦੇ ਦਾ ਬਲ ਹੈ, ਕਮਜ਼ੋਰੀਆਂ ਅੱਗੇ ਡਟਣ ਦੀ ਸਮਰੱਥਾ ਹੈ—ਕਾਮਾਦਿਕ ਹੀ ਸਾਡੀਆਂ ਕਮਜ਼ੋਰੀਆਂ ਹਨ।

ਨਾਮ ਮਨੁੱਖ ਨੂੰ ਗਨਕਾ, ਅਜਾਮਲ ਤੇ ਗਜ (ਹਾਥੀ) ਵਾਲਾ ਜੀਵਨ ਨਹੀਂ ਜੀਣ ਦਿੰਦਾ। ਨਾਮ ਮਨੁੱਖ ਨੂੰ ਉੱਚੀ ਸ਼ਖ਼ਸੀਅਤ ਦੇ ਦਿੰਦਾ ਹੈ। ਸਿਮਰਨ ਮਨੁੱਖ ਨੂੰ ਉੱਚਾ ਕਰਦਾ ਹੈ।

---

## ਸੋਰਠਿ ਮਹਲਾ ੯

### ੫.

ਪ੍ਰਾਨੀ ਕਉਨੁ ਉਪਾਉ ਕਰੈ ॥
ਜਾ ਤੇ ਭਗਤਿ ਰਾਮ ਕੀ ਪਾਵੈ, ਜਮ ਕੋ ਤ੍ਰਾਸੁ ਹਰੈ ॥ ੧ ॥ ਰਹਾਉ ॥
ਕਉਨੁ ਕਰਮ, ਬਿਦਿਆ ਕਹੁ ਕੈਸੀ, ਧਰਮੁ ਕਉਨੁ ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ, ਭਵ ਸਾਗਰ ਕਉ ਤਰਈ ॥ ੧ ॥
ਕਲ ਮੈ ਏਕੁ ਨਾਮੁ ਕਿਰਪਾ ਨਿਧਿ, ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾਕੈ ਸਮਿ ਨਾਹਿਨ, ਇਹ ਬਿਧਿ ਬੇਦੁ ਬਤਾਵੈ ॥ ੨ ॥
ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥ ੩ ॥ ੫ ॥

ਇਸ ਸ਼ਬਦ ਦੇ ਪਰਮੁੱਖ ਵਿਚਾਰ ਇਹ ਹਨ :—

(੧) ਸਫ਼ਲ ਜੀਵਨ ਉਹ ਹੈ ਜਿਸ ਵਿਚ 'ਜਮ ਕੋ ਤ੍ਰਾਸ' ਮਿਟ ਜਾਏ, ਮਨੁੱਖ 'ਭਵ ਸਾਗਰ ਕਉ ਤਰਈ' ਹੋ ਜਾਵੇ, ਅਤੇ 'ਗਤਿ ਪਾਵੈ'। ਇਹ ਸਾਰੀਆਂ ਗੱਲਾਂ ਮਨੁੱਖੀ ਜੀਵਨ ਦੇ ਵਿਸ਼ੇਸ਼ ਆਤਮਕ ਪੱਧਰ ਦੀਆਂ ਸੂਚਕ ਹਨ। ਜਮ ਦਾ ਡਰ ਪਾਪਾਂ ਕਰਕੇ ਹੀ ਹੈ; ਮਨੁੱਖ ਪਾਪਾਂ ਦੇ ਭਵ ਸਾਗਰ ਵਿਚ ਹੀ ਡੁਬਦਾ ਹੈ—ਜੋ ਸਾਗਰ ਕਿ ਉਸ ਦੇ ਹਿਰਦੇ ਵਿਚ ਹੀ ਹੈ।

(੨) ਉੱਚੀ ਤੋਂ ਉੱਚੀ 'ਗਤਿ ਪਾਵੈ' ਇਹ ਦੱਸੀ ਹੈ ਕਿ ਮਨੁੱਖ ਆਪਣੇ ਆਪ ਦੀ ਪਛਾਣ ਪ੍ਰਾਪਤ ਕਰ ਲਵੇ—

'ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥'

ਮਨੁੱਖ ਨੇ ਆਪਣੇ ਹਿਰਦੇ ਦੇ ਸ਼ੀਸ਼ੇ ਵਿਚੋਂ ਹੀ ਪਰਮਾਤਮਾ ਦਾ ਦਰਸ਼ਨ ਕਰਨਾ ਹੈ, ਭਾਵ ਮਨੁੱਖ ਹੀ ਪਰਮਾਤਮਾ ਦਾ ਰੂਪ ਹੈ ਜੇ ਉਸ ਵਿਚ ਜਮ ਤੋਂ ਸੁਤੰਤਰ ਹੋਣ ਅਤੇ ਭਵ ਸਾਗਰ ਤੋਂ ਪਾਰ ਹੋਣ ਦੀ ਸਮਰੱਥਾ ਪੈਦਾ ਹੋ ਜਾਏ, ਜੇ ਉਸ ਵਿਚ ਇਹ ਅਵਸਥਾ ਆ ਜਾਏ—

'ਸੁਖੁ ਦੁਖੁ ਰਹਤ ਸਦਾ ਨਿਰਲੇਪੀ, ਜਾ ਕੋ ਕਹਤ ਗੁਸਾਈ ॥'

ਮਨੁੱਖ ਪਰਮਾਤਮਾ ਦਾ ਸਰੂਪ ਹੋ ਜਾਂਦਾ ਹੈ ਜੇ ਉਹ ਮੁਕਤ ਜਾਂ ਨਿਰਲੇਪ ਹੋ ਸਕੇ। ਨਿਰਲੇਪ ਮਾਇਆ ਤੋਂ ਹੋਣਾ ਹੈ, ਮਨੁੱਖੀ ਕਾਮਾਦਿਕ ਕਮਜ਼ੋਰੀਆਂ ਤੋਂ ਨਿਰਲੇਪ ਹੋਣਾ ਹੈ।

(੩) ਪਰਮਾਤਮਾ 'ਨਿਰਲੇਪੀ' ਹੈ—ਇਹ ਪਰਮਾਤਮਾ ਮਨੁੱਖ ਦੇ ਅੰਦਰ ਹੀ ਵਸਦਾ ਹੈ। ਮਨੁੱਖ ਵਿਚ ਨਿਰਲੇਪਤਾ ਤੀਕ ਪੁੱਜਣ ਦੀ ਸ਼ਕਤੀ ਹੈ।

ਇਹ ਸ਼ਕਤੀ ਉਜਾਗਰ ਸਿਮਰਨ ਦੁਆਰਾ ਹੁੰਦੀ ਹੈ; ਹੋਰ ਕਿਸੇ ਕਰਮ-ਧਰਮ ਜਾਂ ਵਿਦਿਆ ਨਾਲ ਨਹੀਂ ਹੁੰਦੀ।

'ਕਉਨੁ ਕਰਮ, ਬਿਦਿਆ ਕਹੁ ਕੈਸੀ, ਧਰਮੁ ਕਉਨੁ ਫੁਨਿ ਕਰਈ ॥'

ਉਹ ਨਾਮ ਕ੍ਰਿਪਾ ਨਿਧਿ ਦਾ ਹੈ—

'ਜਾਹਿ ਜਪੈ ਗਤਿ ਪਾਵੈ ॥'

ਨਿਰਲੇਪ ਹੋ ਸਕਣਾ ਹੀ 'ਗਤਿ' ਹੈ, ਦੁਖ ਸੁਖ ਤੋਂ ਉਚੇਰਾ ਹੋ ਸਕਣਾ ਹੀ 'ਗਤਿ' ਹੈ। ਇਹ ਗਤਿ ਸਿਮਰਨ ਨਾਲ ਪ੍ਰਾਪਤ ਹੁੰਦੀ ਹੈ।

ਸੋ ਨਾਮ 'ਬਸੈ ਨਿਰੰਤਰਿ' ਨੂੰ ਉਜਾਗਰ ਕਰਕੇ 'ਸੁਖੁ ਦੁਖੁ ਰਹਤ ਸਦਾ ਨਿਰਲੇਪੀ' ਦੀ ਅਵਸਥਾ ਤੀਕ ਪੁਚਾਉਂਦਾ ਹੈ। ਇਹ ਮਾਨਸਕ ਸ਼ਕਤੀ ਹੈ—ਇਹ ਸ਼ਖ਼ਸੀਅਤ ਦਾ ਪੱਧਰ ਹੈ। ਸਿਮਰਨ ਮਨੁੱਖੀ ਆਚਰਨ ਨੂੰ ਉੱਚਾ ਕਰਦਾ ਹੈ।

ਨਾਮ ਉਹ ਸ਼ੀਸ਼ਾ ਹੈ—'ਦਰਪਨਿ ਨਿਆਈ' ਜਿਸ ਵਿਚੋਂ ਮਨੁੱਖ ਨੇ ਆਪਣੀ ਸ਼ਖ਼ਸੀਅਤ ਦੇ ਪੱਧਰ ਨੂੰ ਵੇਖਣਾ ਹੈ। ਨਾਮ ਮਾਨਸਕ ਤੇ ਆਤਮਕ ਪੱਧਰ ਹੈ, ਉਸ ਪੱਧਰ ਨੂੰ ਵੇਖ ਕੇ ਮਨੁੱਖ ਨੇ ਆਪਣਾ ਇਖ਼ਲਾਕੀ ਪੱਧਰ ਨਿਸਚਿਤ ਕਰਨਾ ਹੈ। ਉਸ ਟੀਚੇ ਅਨੁਸਾਰ ਹੀ ਮਨੁੱਖ ਨੇ ਆਪਣੇ ਪੱਧਰ ਨੂੰ ਉੱਚਾ ਕਰਨਾ ਹੈ।